ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2425 | 5 April, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

# ਈਰਾਨ ਨੂੰ ਟਰੰਪ ਦੀ ਆਖਰੀ ਚੇਤਾਵਨੀ! 48 ਘੰਟਿਆਂ ਬਾਅਦ ਟੁੱਟੇਗਾ ਕਹਿਰ? ਟਰੰਪ ਦੀ ਪੋਸਟ ਨੇ ਵਧਾਈ ਚਿੰਤਾ

**ਵਾਸ਼ਿੰਗਟਨ ਸਾਂਝੀ ਸੋਚ ਬਿਊਰੋ**

ਮਿਡਲ ਈਸਟ ਵਿੱਚ ਤਣਾਅ ਸਿਖਰ 'ਤੇ ਹੈ। ਇਰਾਨ ਅਤੇ ਅਮਰੀਕਾ ਵਿੱਚੋਂ ਕੋਈ ਵੀ ਪਿੱਛੇ ਹਟਣ ਜਾਂ ਝੁਕਣ ਨੂੰ ਤਿਆਰ ਨਹੀਂ ਹੈ। ਇਸੇ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਰਾਨ ਨੂੰ ਲੈ ਕੇ ਸਖ਼ਤ ਰੁਖ਼ ਅਖਤਿਆਰ ਕਰਦਿਆਂ ਚੇਤਾਵਨੀ ਦਿੱਤੀ ਹੈ ਕਿ ਜੇਕਰ ਹੋਰਮੁਜ਼ ਸਟ੍ਰੇਟਨੂੰ ਖੋਲ੍ਹਣ ਦੀ ਮਿੱਥੀ ਗਈ ਸਮਾਂ ਸੀਮਾ ਦੀ ਪਾਲਣਾ ਨਾ ਕੀਤੀ ਗਈ, ਤਾਂ ਇਸ ਦੇ ਗੰਭੀਰ ਨਤੀਜੇ ਭੁਗਤਣੇ ਪੈਣਗੇ।ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਪੋਸਟ ਸਾਂਝੀ ਕੀਤੀ ਹੈ। ਆਪਣੀ ਪੋਸਟ ਵਿੱਚ ਟਰੰਪ ਨੇ ਕਿਹਾ, "ਯਾਦ ਹੈ ਜਦੋਂ ਮੈਂ ਇਰਾਨ ਨੂੰ ਸਮਝੌਤਾ ਕਰਨ ਜਾਂ ਹੋਰਮੁਜ਼ ਸਟ੍ਰੇਟ ਨੂੰ ਖੋਲ੍ਹਣ ਲਈ 10 ਦਿਨਾਂ ਦਾ ਸਮਾਂ ਦਿੱਤਾ ਸੀ? ਸਮਾਂ ਤੇਜ਼ੀ ਨਾਲ ਬੀਤ ਰਿਹਾ ਹੈ।"ਟਰੰਪ ਨੇ ਅੱਗੇ ਲਿਖਿਆ, "48 ਘੰਟਿਆਂ ਬਾਅਦ ਕਹਿਰ ਟੁੱਟ ਪਵੇਗਾ।" ਦੱਸ ਦਈਏ ਕਿ ਟਰੰਪ ਵੱਲੋਂ ਦਿੱਤੇ ਗਏ 10 ਦਿਨਾਂ ਦਾ ਸਮਾਂ ਪੂਰਾ ਹੋਣ ਵਿੱਚ ਹੁਣ ਸਿਰਫ਼ 48 ਘੰਟੇ ਬਾਕੀ ਰਹਿ ਗਏ ਹਨ। ਅਜਿਹੇ ਵਿੱਚ ਸਮਾਂ ਪੂਰਾ ਹੋਣ ਤੋਂ ਪਹਿਲਾਂ ਟਰੰਪ ਨੇ ਇਹ ਪੋਸਟ ਕੀਤੀ ਹੈ, ਜਿਸ ਨਾਲ ਜੰਗ ਵਧਣ ਦਾ ਖ਼ਦਸ਼ਾ ਹੋਰ ਵੀ ਜ਼ਿਆਦਾ ਵੱਧ ਗਿਆ ਹੈ।


Donald J. Trump
@realDonaldTrump

Remember when I gave Iran ten days to MAKE A DEAL or OPEN UP THE HORMUZ STRAIT. Time is running out - 48 hours before all Hell will reign down on them. Glory be to GOD! President DONALD J. TRUMP

810 ReTruths 3.26k Likes Apr 04, 2026, 7:35 PM

# ਅਮਰੀਕਾ ਅਤੇ ਇਜ਼ਰਾਈਲ ਲਈ ਇੱਕ ਵੱਡਾ ਸਰਪ੍ਰਾਈਜ਼ ਤਿਆਰ- ਈਰਾਨ





**ਤਹਿਰਾਨ ਸਾਂਝੀ ਸੋਚ ਬਿਊਰੋ**

ਇੱਕ ਈਰਾਨੀ ਸੁਰੱਖਿਆ ਅਧਿਕਾਰੀ ਨੇ ਐਤਵਾਰ ਨੂੰ ਚੇਤਾਵਨੀ ਦਿੱਤੀ, "ਸਾਡੇ ਕੋਲ ਅਮਰੀਕਾ ਅਤੇ ਇਜ਼ਰਾਈਲ ਲਈ ਇੱਕ ਵੱਡਾ ਸਰਪ੍ਰਾਈਜ਼ ਤਿਆਰ ਹੈ; ਬੱਸ ਥੋੜ੍ਹਾ ਹੋਰ ਇੰਤਜ਼ਾਰ ਕਰਨਾ ਪਵੇਗਾ।" ਫਾਰਸ ਨਿਊਜ਼ ਏਜੰਸੀ ਦੇ ਅਨੁਸਾਰ, ਈਰਾਨ ਨੇ ਅਮਰੀਕੀ ਨਿਸ਼ਾਨਿਆਂ ਨੂੰ ਝੂਠਾ ਕਰਾਰ ਦਿੱਤਾ ਅਤੇ ਟਰੰਪ ਦੀ ਪੁਲਾਂ 'ਤੇ ਹਮਲਾ ਕਰਨ ਦੀ ਧਮਕੀ ਨੂੰ ਮਜ਼ਾਕ ਕਿਹਾ। ਈਰਾਨ ਨੇ ਕਿਹਾ ਕਿ ਇਹ ਧਮਕੀਆਂ ਅਮਰੀਕੀ ਫੌਜੀ ਕਾਰਵਾਈ ਦੀ ਅਸਫਲਤਾ ਨੂੰ ਦਰਸਾਉਂਦੀਆਂ ਹਨ ਅਤੇ ਈਰਾਨ ਇਸ ਯੁੱਧ ਵਿੱਚ ਆਪਣੀ ਯੋਜਨਾ ਅਤੇ ਨਿਰਧਾਰਤ ਟੀਚਿਆਂ ਅਨੁਸਾਰ ਅੱਗੇ ਵਧ ਰਿਹਾ ਹੈ।ਇਸ ਦੌਰਾਨ, ਈਰਾਨੀ ਅਧਿਕਾਰੀਆਂ ਨੇ ਕਿਹਾ ਕਿ ਜੇਕਰ ਹਮਲੇ ਵਧਦੇ ਹਨ, ਤਾਂ ਅਮਰੀਕਾ ਦੀ ਕਿਸਮਤ ਨਰਕ ਤੋਂ ਵੀ ਭੈੜੀ ਹੋ ਸਕਦੀ ਹੈ। ਫੌਜ ਹੈੱਡਕੁਆਰਟਰ ਖਾਤਮ ਅਲ-ਅੰਬੀਆ ਦੇ ਬੁਲਾਰੇ ਇਬਰਾਹਿਮ ਜ਼ੁਲਫਾਘਾਰੀ ਨੇ ਕਿਹਾ, "ਈਰਾਨ ਨੂੰ ਹਰਾਉਣ ਦਾ ਸੁਪਨਾ ਹੁਣ ਇੱਕ ਦਲਦਲ ਬਣ ਗਿਆ ਹੈ, ਜਿਸ ਵਿੱਚ ਅਮਰੀਕਾ ਅਤੇ ਇਜ਼ਰਾਈਲ ਫਸਦੇ ਜਾ ਰਹੇ ਹਨ।" ਈਰਾਨ ਨੇ ਟਰੰਪ ਦੇ 48 ਘੰਟਿਆਂ ਦੇ ਅੰਦਰ ਹੋਰਮੁਜ਼ ਜਲਡਮਰੂ ਖੋਲ੍ਹਣ ਦੇ ਅਲਟੀਮੇਟਮ ਨੂੰ ਰੱਦ ਕਰ ਦਿੱਤਾ ਹੈ। ਈਰਾਨੀ ਫੌਜ ਨੇ ਕਿਹਾ ਹੈ ਕਿ ਅਮਰੀਕਾ ਬੇਵੱਸੀ ਅਤੇ ਘਬਰਾਹਟ ਵਿੱਚ ਧਮਕੀਆਂ ਦੇ ਰਿਹਾ ਹੈ।ਟਰੰਪ ਨੇ ਈਰਾਨ ਨੂੰ ਹੋਰਮੁਜ਼ ਜਲਡਮਰੂ ਖੋਲ੍ਹਣ ਜਾਂ ਸਮਝੌਤਾ ਕਰਨ ਦਾ ਅਲਟੀਮੇਟਮ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਸਮਾਂ ਬੀਤ ਰਿਹਾ ਹੈ ਅਤੇ ਜੇਕਰ ਅਜਿਹਾ ਨਹੀਂ ਹੋਇਆ ਤਾਂ ਈਰਾਨ ਦੇ ਊਰਜਾ ਸਥਾਨਾਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ ਅਤੇ ਤਬਾਹ ਕਰ ਦਿੱਤਾ ਜਾਵੇਗਾ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce


Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511


RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।


Kirandeep Kaur
Realtor ®
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots

Packages fit to your budget
Contact: Barjesh 209-541-0641
Email: lambavideoproduction@yahoo.com

Space availabe for Ad
Contact #
+1 (209) 303-1260


THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137


Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

APCA
AMERICAN PETROLEUM AND CONVENIENCE STORE ASSOCIATION

INVITES YOU
GOLF TOURNAMENT 2026
APRIL 8, 2026
CHARDONNAY GOLF CLUB
NAPA COUNTY, CA 94503





SUPPORTING NON-PROFIT

Children's Miracle Network Hospitals
Change Kids' Health. Change the Future.

## Followed by APCA's 12th Annual Trade Show

**APCA is a non-profit grassroots, membership based community organization providing representation for small to medium sized enterprises.**





**Thursday April 9, 2026**
**12:30 pm - 5:30 pm**

Sunrise Banquet Hall & Events
620 Orange Drive
Vacaville, CA 95687

To register please click link below.

Register »

www.apca.us

For more information please contact: kewal@apca.us


APCA
AMERICAN PETROLEUM AND CONVENIENCE STORE ASSOCIATION
Presents
Golf Tournament 2026
Supporting non- Profits
Children's Miracle Network
Wednesday, April 8th, 2026
Chardonnay Golf Course
American Canyon, CA 94503
Scan the QR code to register for the upcoming trade show.
This is a popular event, sells out quickly, please RSVP ASAP
Scan to Register
PROPANE
Coca-Cola
APCA
AMERICAN PETROLEUM AND CONVENIENCE STORE ASSOCIATION
ANNUAL TRADE SHOW 2026
EXHIBITOR PACKAGE
April 9th, 2026
Sunrise Banquet Halls & Event Center
620 Orange Dr, Vacaville, CA 95687
Scan the QR code to register for the upcoming trade show.
It only takes a minute, and you're all set to join us!
Scan to Register

ਸਾਂਝੀ ਸੋਚ
SANJHI SOCH

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਇਰਾਨ-ਇਜ਼ਰਾਇਲ ਰਿਸ਼ਤੇ: ਦੋਸਤੀ ਤੋਂ ਦੁਸ਼ਮਨੀ ਤੱਕ ਦਾ ਸਫ਼ਰ

## ਸਵਾਲ ਇਹ ਨਹੀਂ ਕਿ ਜੰਗ ਕੌਣ ਜਿੱਤੇਗਾ...ਸਵਾਲ ਇਹ ਹੈ ਜੰਗ ਦੀ ਕੀਮਤ ਕੌਣ ਤਾਰੇਗਾ

ਡਾ.ਸੰਦੀਪ ਘੰਡ
ਮਾਨਸਾ
9815139576



ਜਿਵੇਂ ਜਿਵੇਂ ਤਕਨੀਕ ਵੱਧ ਰਹੀ ਵਿਅਕਤੀ ਵਿੱਚ ਹਾਉਮੇਂ ਵੱਧ ਰਹੀ ਇਸ ਹਾਉਮੇ ਅਤੇ ਚੋਧਰ ਦੀ ਭੁੱਖ ਨੇ ਸਮਾਜ ਨੂੰ ਅਸ਼ਾਂਤ ਕਰ ਦਿੱਤਾ ਇਸੇ ਕਾਰਣ ਅਸੀਂ ਦੇਖ ਰਹੇ ਹਾਂ ਕਿ ਸਾਡੇ ਪ੍ਰੀਵਾਰਾਂ ਦੀ ਲੜਾਈ ਵਾਂਗ ਦੋ ਦੇਸ਼ਾਂ ਦੀ ਲੜਾਈ ਵੀ ਰੋਜਾਨਾ ਦਾ ਕੰਮ ਹੋ ਗਿਆ। ਭਾਰਤ ਪਾਕਿਸਤਾਨ ਭਾਰਤ ਚੀਨ,ਇਰਾਕ ਇਰਾਨ,ਅਫਗਾਨਸਿਤਾਨ ਅਤੇ ਹੁਣ ਇਰਾਕ,ਇਜਰਾਇਲ ਅਤੇ ਅਮਰੀਕਾ ਦੀ ਲੜਾਈ ਆਮ ਹੋ ਗਈਆਂ ।ਜੇਕਰ ਇਹਨਾਂ ਲੜਾਈਆਂ ਵਿੱਚ ਇੱਕ ਸਾਂਝ ਹੈ ਤਾਂ ਉਹ ਹੈ ਅਮਰੀਕਾ। ਅਮਰੀਕਾ ਦਾ ਹਾਲ ਉਸ ਸ਼ਹਿਰੀ ਦਲਾਲ ਜਾਂ ਆੜਤੀਏ ਵਰਗਾ ਜਿਹੜਾ ਆਪਣਾ ਸੋਦਾ ਵੇਚਣਹਿੱਤ ਪਹਿਲਾਂ ਲੜਾਈ ਕਰਵਾਉਦਾ ਫੇਰ ਵਿਸ਼ਵ ਸ਼ਾਤੀ ਅਵਾਰਡ ਲੈਣ ਹਿੱਤ ਉਹਨਾਂ ਦਾ ਰਾਜੀਨਾਮਾ ਕਰਵਾਉਦਾਂ। ਇਹ ਪਹਿਲੀ ਵਾਰ ਲੋਕਾਂ ਨੂੰ ਦੇਖਣ ਨੂੰ ਮਿਲ ਰਿਹਾ ਕਿ ਸ਼ਾਤੀ ਅਵਾਰਡ ਲੈਣ ਲਈ ਪਹਿਲਾਂ ਲੜਾਈ ਕਰਨੀ ਪੈਂਦੀ। ਪਰਮਾਣੂ ਹਥਿਆਰ ਬਣਾਉਣੇ ਪੈਂਦੇ ਮਿਸਾਈਲਾਂ ਨਾਲ ਜੰਗ ਲੜਣੀ ਪੈਂਦੀ। ਹੋ ਸਕਦਾ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਮੁੱਖ ਗੈਗਸਟਰ ਵੀ ਉਸ ਸ਼ਾਤੀ ਅਵਾਰਡ ਲਈ ਆਪਣੀ ਉਮੀਦਵਾਰੀ ਘੋਸ਼ਿਤ ਕਰ ਦੇਣ। ਯੂਕਰੇਨ ਅਤੇ ਰੂਸ ਦੀ ਲੜਾਈ ਦੇ ਜੰਗ ਵਿੱਚ ਅਜੇ ਫੋਜਾਂ ਵਾਪਸ ਗਈਆਂ ਨਹੀ ਸਨ ਕਿ ਅਮਰੀਕਾ ਵੱਲੋਂ ਆਪਣੀ ਚੋਧਰ ਕਾਰਣ ਇਜਰਾਇਲ ਨੂੰ ਹੱਲਾਸ਼ੇਰੀ ਦੇਕੇ ਇਰਾਨ ਦੇ ਹਮਲਾ ਕਰਵਾ ਦਿੱਤਾ।

ਇਰਾਨ, ਇਜ਼ਰਾਇਲ ਅਤੇ ਅਮਰੀਕਾ ਵਿਚਕਾਰ ਚੱਲ ਰਹੀ ਇਹ ਜੰਗ ਸਿਰਫ਼ ਤਿੰਨ ਦੇਸ਼ਾਂ ਤੱਕ ਸੀਮਿਤ ਨਹੀਂ, ਸਗੋਂ ਪੂਰੀ ਦੁਨੀਆ ਦੀ ਅਰਥਵਿਵਸਥਾ, ਰਾਜਨੀਤੀ ਅਤੇ ਸੁਰੱਖਿਆ ਨੂੰ ਹਿਲਾ ਕੇ ਰੱਖ ਦਿਤਾ ਹੈ। 28 ਫਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਇਲ ਨੇ ਮਿਲਕੇ ਇਰਾਨ ਦੇ ਨਿਊਕਲੀਅਰ ਅਤੇ ਮਿਲਟਰੀ ਟੀਚਿਆਂ 'ਤੇ ਲਗਭਗ 900 ਹਮਲੇ ਕੀਤੇ। ਇਸ ਹਮਲੇ ਵਿੱਚ ਇਰਾਨ ਦੇ ਉੱਚ ਪੱਧਰ ਦੇ ਨੇਤਾ ਮਾਰੇ ਗਏ, ਜਿਸ ਨਾਲ ਸਥਿਤੀ ਹੋਰ ਵੀ ਭੜਕ ਗਈ। ਇਰਾਨ ਦੀ ਜਵਾਬੀ ਕਾਰਵਾਈ ਇਰਾਨ ਨੇ ਵੀ ਤੁਰੰਤ ਜਵਾਬ ਦਿੱਤਾ,ਇਰਾਨ ਨੇ ਬੈਲਿਸਟਿਕ ਮਿਸਾਈਲ ਅਤੇ ਡਰੋਨ ਹਮਲੇ ਜਿਸ ਵਿੱਚ ਇਜ਼ਰਾਇਲ ਅਤੇ ਅਮਰੀਕੀ ਦੇ ਮੁੱਖ ਟਿਕਾਣੇ ਹਨ। ਇਰਾਨ ਵੱਲੋਂ ਖਾੜੀ ਦੇਸ਼ਾਂ ਤੇ ਉਹਨਾਂ ਟਿਕਾਣਿਆਂ ਤੇ ਹਮਲੇ ਕੀਤੇ ਗਏ ਜਿਥੇ ਅਮਰੀਕਾ ਨੇ ਫੋਜੀ ਟਿਕਾਣੇ ਬਣਾਏ ਹੋਏ ਸਨ। ਇਰਾਨ ਨੇ ਸਿਰਫ਼ ਇਜ਼ਰਾਇਲ ਨਹੀਂ, ਸਗੋਂ ਬਹਿਰੀਨ, ਕਤਰ, ਸਾਊਦੀ ਅਰਬ ਅਤੇ ਸਯੁਕੰਤ ਅਰਬ ਅਮੀਰਾਤ ਵਿੱਚ ਵੀ ਹਮਲੇ ਕੀਤੇ। ਇਸ ਨਾਲ ਪੂਰਾ ਮੱਧ-ਪੂਰਬ ਜੰਗ ਵਿੱਚ ਖਿੱਚਿਆ ਗਿਆ।

"ਇਹ ਜੰਗ ਕੇਵਲ ਮਿਡਲ ਈਸਟ ਦੀ ਲੜਾਈ ਨਹੀਂ ਇਹ ਜੰਗ ਹਰ ਦੇਸ਼ ਦੇ ਘਰ ਦੀ ਰਸੋਈ ਤੱਕ ਪਹੁੰਚ ਚੁੱਕੀ ਹੈ..."" ਤੇ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਜੰਗ ਕੌਣ ਜਿੱਤੇਗਾ...ਸਵਾਲ ਇਹ ਹੈ ਕਿ ਇਸ ਜੰਗ ਦੀ ਕੀਮਤ ਕੌਣ ਭਰੇਗਾ?"ਮਿਡਲ ਈਸਟ ਦੀ ਅੱਜ ਦੀ ਜੰਗ ਨੂੰ ਸਮਝਣ ਲਈ ਉਸਦਾ ਇਤਿਹਾਸ ਜਾਣਨਾ ਬਹੁਤ ਜ਼ਰੂਰੀ ਹੈ। ਇਹ ਟਕਰਾਅ ਇੱਕ ਦਿਨ ਵਿੱਚ ਨਹੀਂ ਬਣਿਆ ਇਹ ਦਹਾਕਿਆਂ ਦੀ ਰਾਜਨੀਤੀ, ਧਰਮ, ਤਾਕਤ ਅਤੇ ਤੇਲ ਦੀ ਖੇਡ ਦਾ ਨਤੀਜਾ ਹੈ। ਅੱਜ ਦੇ ਤਿੰਨ ਵੱਡੇ ਦੁਸ਼ਮਨ ਕਿਸੇ ਸਮੇਂ ਚੰਗੇ ਦੋਸਤ ਰਹੇ ਹਨ ਸੰਨ 1979 ਦੇ ਆਸਪਾਸ ਇਰਾਨ,ਅਮਰੀਕਾ ਅਤੇ ਇਜਰਾਇਲ ਤਿੰਨੋਂ ਪੱਕੇ ਦੋਸਤ ਸਨ ਜਦੋਂ ਇਰਾਨ ਵਿੱਚ ਸ਼ਾਹ ਦੀ ਸਰਕਾਰ ਸੀ। 1950 ਵਿੱਚ ਅਮਰੀਕਾ ਨੇ ਸ਼ਾਹ ਦੀ ਸਰਕਾਰ ਬਣਾਉਣ ਵਿੱਚ ਮਦਦ ਕੀਤੀ ਉਸ ਸਮੇਂ ਇਹ ਤਿੰਨੋ ਦੇਸ਼ ਸੋਵੀਅਤ ਯੂਨੀਅਨ ਦੇ ਖਿਲਾਫ ਸਨ। ਸ਼ਾਹ ਦੀ ਸਰਕਾਰ ਤੋਂ ਬਾਅਦ ਜਿਵੇਂ ਹੀ ਸੰਨ 1979 ਵਿੱਚ ਇਰਾਨ ਵਿੱਚ ਇਸਲਾਮਕ ਤਬਦੀਲੀ ਆਈ ਤਾਂ ਸਭ ਕੁਝ ਬਦਲ ਗਿਆ ਇਹ ਉਸ ਸਮੇਂ ਸਭ ਤੋਂ ਵੱਡਾ ਤਬਦੀਲੀ ਦਾ ਸਮਾਂ ਸੀ। ਸਰਕਾਰ ਦੀ ਤਬਦੀਲੀ ਨਾਲ ਅਮਰੀਕਾ ਨਾਲ ਰਿਸ਼ਤੇ ਤੋੜ ਦਿੱਤੇ ਗਏ ਤਾਂ ਇਹ ਦੋਸਤੀ ਦੁਸ਼ਮਨੀ ਵਿੱਚ ਬਦਲ ਗਈ। ਇਰਾਨ ਵੱਲੋਂ ਇਜਰਾਇਲ ਨੂੰ ਦੁਸ਼ਮਨ ਦੇਸ਼ ਘੋਸ਼ਿਤ ਕਰ ਦਿੱਤਾ ਗਿਆ। ਉਸ ਸਮੇਂ ਅਮਰੀਕਾ ਦੇ ਰਾਜਦੂਤ ਦਫਤਰ ਨੂੰ ਵੀ ਹਾਈਜੈਕ ਕੀਤਾ ਗਿਆ। ਅਮਰੀਕਾ ਨੂੰ ਬਹੁਤ ਵੱਡਾ ਸ਼ੈਤਾਨ ਕਿਹਾ ਗਿਆ। ਬੇਸ਼ਕ ਉਸ ਸਮੇਂ ਸਿੱਧੇ ਤੋਰ ਤੇ ਜੰਗ ਨਹੀ ਸੀ ਪਰ ਪਰੋਕਸੀ ਵਾਰ ਚੱਲਦੀ ਰਹੀ ਇਰਾਨ ਵੱਲੋਂ ਹਿਜਊਬਲ ਅਤੇ ਹਮਾਸ ਵਰਗੇ ਗਰੁੱਪ ਦੀ ਮਦਦ ਕੀਤੀ ਗਈ ਅਤੇ ਇਜਰਾਇਲ ਦੇ ਖਿਲਾਫ ਅਸਿੱਧੇ ਤੋਰ ਤੇ ਹਮਲਾ ਕੀਤਾ ਗਿਆ। ਦੂਜੇ ਪਾਸੇ ਇਜਰਾਇਲ ਵੀ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਤੇ ਨਿਸ਼ਾਨੇ ਬਣਾਉਣ ਲੱਗਾ ਜਿਸ ਵਿੱਚ ਅਮਰੀਕਾ ਵੱਲੋਂ ਮਦਦ ਕੀਤੀ ਗਈ। ਅਮਰੀਕਾ ਅਤੇ ਇਜਰਾਇਲ ਦੇ ਰਿਸ਼ਤੇ ਮਜਬੂਤ ਹੋਏ। ਅਮਰੀਕਾ ਵੱਲੋਂ ਇਜਰਾਇਲ ਨੂੰ ਮਿਲਟਰੀ ਸਹਾਇਤਾ ਅਤੇ ਉਸ ਨੂੰ ਨਾਟੋ ਦਾ ਮੈਬਰ ਬਣਾਇਆ ਗਿਆ। ਅਮਰੀਕਾ ਅਤੇ ਇਜਰਾਇਲ ਨੂੰ ਡਰ ਸੀ ਕਿ ਇਰਾਨ ਪ੍ਰਮਾਣੂ ਬੰਬ ਬਣਾ ਸਕਦਾ। ਸੰਨ 2015 ਵਿੱਚ ਨਿਊਕਲਰ ਸਮਝੋਤਾ ਹੋਇਆ 2018 ਵਿੱਚ ਅਮਰੀਕਾ ਉਸ ਸਮਝੋਤੇ ਤੋਂ ਬਾਹਰ ਹੋ ਗਿਆ। ਜਿਸ ਨਾਲ ਹਲਾਤ ਤਣਾਅ ਪੂਰਨ ਹੋ ਗਏ। 2026 ਵਿੱਚ ਸਿੱਧੇ ਤੋਰ ਤੇ ਜੰਗ ਦੇ ਹਲਾਤ ਬਣ ਗਏ। ਮਿਸਾਈਲ ਨਾਲ ਹਮਲੇ,ਸਾਈਬਰ ਅਟੈਕ ਅਤੇ ਤੇਲ ਟੈਕ੍ਹਾਂ ਤੇ ਹਮਲੇ ਕੀਤੇ ਗਏ। ਹੁਣ ਇਰਾਨ ਅਤੇ ਇਜਰਾਇਲ ਵਿੱਚ ਸਿੱਧੇ ਤੋਰ ਤੇ ਹਮਲੇ ਹੋ ਰਹੇ ਹਨ। ਅਮਰੀਕਾ ਅਤੇ ਇਜਰਾਇਲ ਵੱਲੋਂ ਰਲਕੇ ਇਰਾਨ ਤੇ ਹਮਲਾ ਕੀਤਾ ਗਿਆ ਜਿਸ ਦਾ ਇਰਾਨ ਨੇ ਜਵਾਬ ਦਿੱਤਾ। ਇਰਾਨ ਵੱਲੋਂ ਅਮਰੀਕਾ ਅਤੇ ਇਜਰਾਇਲ ਦਾ ਜਵਾਬ ਇਸ ਕਦਰ ਦਿੱਤਾ ਗਿਆ ਜਿਸ ਦੀ ਅਮਰੀਕਾ ਅਤੇ ਇਜਰਾਇਲ ਨੇ ਕਲਪਨਾ ਵੀ ਨਹੀ ਸੀ ਕੀਤੀ।

ਇਸ ਜੰਗ ਵਿੱਚ ਵੀ ਅਮਰੀਕਾ ਵੱਲੋਂ ਨਿਭਾਇਆ ਰੋਲ ਦਰਸਾਉਦਾਂ ਕਿ ਉਸ ਦਾ ਮੁੱਖ ਨਿਸ਼ਾਨਾ ਆਪਣੇ ਹਥਿਆਰਾਂ ਨੂੰ ਵੇਚਣਾ ਅਤੇ ਉਹਨਾਂ ਦੇਸ਼ਾਂ ਤੇ ਕਬਜਾ ਕਰਨਾ ਜਿੰਨਾ ਦੇਸ਼ਾਂ ਕੋਲ ਵੱਖ ਵੱਖ ਤਰਾਂ ਦੇ ਕੱਚੇ ਮਾਲ ਦੇ ਸਾਧਨ ਹਨ। ਅਮਰੀਕਾ ਨੇ ਇਜਰਾਇਲ ਨਾਲ ਮਿਲਕੇ ਸਿੱਧੀ ਸੈਨਿਕ ਕਾਰਵਾਈ ਕੀਤੀ ਅਤੇ ਦੋਨਾਂ ਦੇਸ਼ਾਂ ਵੱਲੋਂ ਮਿਲਕੇ ਕੀਤੇ ਹਮਲਿਆਂ ਵਿੱਚ ਇਰਾਨ ਦੇ ਮਿਸਾਈਲ ਸਿਸਟਮ ਅਤੇ ਏਅਰ ਡਿਫੈਂਸ ਨੂੰ ਟੀਚਾ ਬਣਾਇਆ ਗਿਆ। ਇਸ ਤੋਂ ਇਲਾਵਾ ਇਰਾਨ ਦੀ ਲੀਡਰਸ਼ਿਪ ਤੇ ਕੀਤੇ ਸਟ੍ਰਾਈਕ ਨਾਲ ਹਲਾਤ ਹੋਰ ਵੀ ਚਣੋਤੀ ਪੂਰਨ ਬਣ ਗਏ। ਅਮਰੀਕਾ ਦਾ ਮੁੱਖ ਟੀਚਾ ਇਰਾਨ ਦੇ ਨਿਊਕਲੀਅਰ ਪ੍ਰੋਗਰਾਮ ਨੂੰ ਖਤਮ ਕਰਨਾ ਅਤੇ ਉਸ ਦੀ ਮਿਸਾਈਲ ਸਮਰੱਥਾ ਨੂੰ ਤੋੜਨਾ ਸੀ। ਰਾਜਨੀਤਿਕ ਅਤੇ ਢਾਚਾਗ੍ਰਸਤ ਹਮਲਿਆਂ ਵਿੱਚ ਅਮਰੀਕਾ ਵੱਲੋਂ ਸਰਕਾਰ ਦੀ ਤਬਦੀਲੀ ਅਤੇ ਮੱਧ-ਪੂਰਬ ਵਿੱਚ ਆਪਣਾ ਪ੍ਰਭਾਵ ਬਣਾਈ ਰੱਖਣਾ ਸੀ। ਜੰਗ ਦੇ ਨਾਲ-ਨਾਲ ਅਮਰੀਕਾ ਇਰਾਨ ਨਾਲ ਗੁਪਤ ਗੱਲਬਾਤ ਵੀ ਕਰ ਰਿਹਾ ਹੈ ਜਿਸ ਵਿੱਚ ਇੱਕ ਵਾਰ ਅਸਥਾਈ ਤੋਰ ਤੇ ਹਮਲੇ ਨੂੰ ਰੋਕਣਾ ਹੈ। ਹਾਲ ਹੀ ਵਿੱਚ ਅਮਰੀਕਾ ਨੇ ਕੁਝ ਹਮਲੇ ਰੋਕ ਕੇ ਗੱਲਬਾਤ ਦੀ ਕੋਸ਼ਿਸ਼ ਕੀਤੀ।

ਜੇਕਰ ਜੰਗ ਦੇ ਵਿਸ਼ਵ ਪੱਧਰੀ ਅਸਰ ਨੂੰ ਦੇਖਿਆ ਜਾਵੇ ਤਾਂ ਇੱਕ ਗੱਲ ਸਪੱਸ਼ਟ ਹੈ ਕਿ ਮਾਜੋਦਾ ਸਮੇਂ ਵਿੱਚ ਦੋ ਮੁਲਕਾਂ ਦੀ ਜੰਗ ਦਾ ਅਸਰ ਵਿਸ਼ਵ ਪੱਧਰ ਤੇ ਪੈਣਾ ਸੁਭਾਵਿਕ ਹੈ। ਇਰਾਨ ਅਤੇ ਇਜਰਾਇਲ ਦੀ ਜੰਗ ਵਿੱਚ ਵੀ ਤੇਲ ਦੀਆਂ ਕੀਮਤਾਂ ਅਤੇ ਉਸ ਦੀ ਸਪਲਾਈ ਤੇ ਅਸਰ ਪਿਆ। ਸਟ੍ਰੇਟ ਆਫ਼ ਹੋਰਮੁਜ਼ ਬੰਦ ਹੋਣ ਦਾ ਖਤਰਾ ਕਿਉਕਿ ਦੁਨੀਆ ਦਾ 20% ਤੇਲ ਇਥੋਂ ਲੰਘਦਾ ਹੈ ਇਸ ਨਾਲ ਗਲੋਬਲ ਮਾਰਕੀਟ ਹਿੱਲ ਗਈ।

ਇਸ ਜੰਗ ਦਾ ਆਰਿਥਕ ਸੰਕਟ ਵੀ ਦੇਖਣ ਨੂੰ ਮਿਲ ਰਿਹਾ ਮੁਦਰਾ ਸਫੀਤੀ ਵਧੀ ਹੈ ਅਤੇ ਸਪਲਾਈ ਚੇਨ ਵੀ ਪ੍ਰਭਾਵਿਤ ਹੋਈ ਹੈ। ਜੇਕਰ ਜਲਦੀ ਇਹ ਜੰਗ ਨਾ ਰੁੱਕੀ ਤਾਂ ਤੀਸਰੇ ਵਿਸ਼ਵ ਯੁੱਧ ਦਾ ਖਤਰਾ ਹੋ ਸਕਦਾ ਜਿਸ ਦਾ ਕਾਰਣ ਹੈ ਕਿ ਜੰਗ ਅਤੇ ਗੱਲਬਾਤ ਵਿੱਚ ਕਈ ਦੇਸ਼ ਸ਼ਾਮਲ ਹੋ ਰਹੇ ਹਨ। ਅੰਠੋ ਅਤੇ ਰੂਸ-ਚੀਨ ਦੀ ਭਾਗੀਦਾਰੀ ਨਾਲ ਸੰਭਾਵਨਾ ਹੈ ਕਿ ਜੰਗ ਵੱਡੀ ਹੋ ਸਕਦੀ ਹੈ

ਭਾਰਤ 'ਤੇ ਅਸਰ

ਭਾਰਤ ਲਈ ਇਹ ਜੰਗ ਖਤਰਨਾਕ ਹੈ:ਤੇਲ ਦੀ ਕੀਮਤ ਵਧੇਗੀ ਭਾਰਤੀ ਮਜ਼ਦੂਰਾਂ ਦੀ ਸੁਰੱਖਿਆ ਵਪਾਰ 'ਤੇ ਅਸਰ ਇਸ ਲਈ ਭਾਰਤ ਨੂੰ ਸੰਤੁਲਿਤ ਨੀਤੀ ਰੱਖਣੀ ਪਵੇਗੀ। ਇਰਾਨ-ਇਜ਼ਰਾਇਲ-ਅਮਰੀਕਾ ਦੀ ਇਹ ਜੰਗ ਸਿਰਫ਼ ਇੱਕ ਖੇਤਰੀ ਟਕਰਾਅ ਨਹੀਂ ਰਹੀ, ਸਗੋਂ ਇਹ ਇੱਕ ਗਲੋਬਲ ਸੰਕਟ ਬਣ ਚੁੱਕੀ ਹੈ। ਮਨੁੱਖਤਾ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ 2026 ਦੇ ਸ਼ੁਰੂ ਵਿੱਚ ਛਿੜੀ ਮੱਧ-ਪੂਰਬ ਦੀ ਇਹ ਵੱਡੀ ਜੰਗ ਦੀ ਅੱਗ ਹੁਣ ਭਾਬੜ ਬਣ ਚੁੱਕੀ ਹੈ। ਇਸ ਜੰਗ ਦਾ ਅਸਰ ਉਹਨਾਂ ਸਾਰੇ ਦੇਸ਼ਾਂ ਤੇ ਪੇ ਰਿਹਾ ਜਿੰਨਾ ਦੇਸ਼ਾਂ ਨੂੰ ਇਰਾਨ ਤੇਲ ਸਪਲਾਈ ਕਰਦਾ। ਪਟਰੋਲ ਪੰਪਾਂ ਅਤੇ ਗੈਸ ਏਜੰਸੀਆਂ ਦੇ ਬਾਹਰ ਲਗੀਆਂ ਲੰਮੀਆਂ ਲਾਈਨਾ ਇਸ ਦੇ ਅਸਰ ਨੂੰ ਪ੍ਰਭੀਸ਼ਾਤ ਕਰ ਰਹੀਆਂ। ਦੇਸ਼ ਦੇ ਪ੍ਰਧਾਨ ਮੰਤਰੀ ਦਾ ਕਹਿਣਾ ਕਿ ਦੇਸ਼ ਦੇ ਨਗਰਿਕਾਂ ਨੂੰ ਕੋਰੋਨਾ ਵਾਂਗ ਤਿਆਰ ਰਹਿਣਾ ਚਾਹੀਦਾ।

"ਕੀ ਇਹ ਹਾਉਮੇ ਦੀ ਅਤੇ ਤਾਕਤ ਦੀ ਲੜਾਈ ਹੈ ਤੇਲ ਦੀ ਲੜਾਈ ਹੈ ਜਾਂ ਮਿਸਾਈਲ ਵਾਰ ਹੈ। "ਇਹ ਸਿਰਫ਼ ਜੰਗ ਨਹੀਂ... ਇਹ ਦੁਨੀਆ ਦੀ ਤਾਕਤ ਦੀ ਖੇਡ ਹੈ।"2026 ਵਿੱਚ ਇਰਾਨ-ਇਜ਼ਰਾਇਲ ਜੰਗ ਨੇ ਸਿਰਫ਼ ਮੱਧ-ਪੂਰਬ ਨਹੀਂ, ਸਾਰੀ ਦੁਨੀਆ ਨੂੰ ਹਿਲਾ ਦਿੱਤਾ ਹੈ। ਮਿਸਾਈਲ ਅਟੈਕ,ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਅਮਰੀਕਾ ਦੀ ਸਿੱਧੀ ਸ਼ਮੂਲੀਅਤ ਨਾਲ ਮਿਲ ਕੇ ਵੱਡਾ ਰਾਜਨੀਤਕ ਤੁਫਾਨ ਖੜਾ ਕਰ ਦਿੱਤਾ ਹੈ। ਲੜਾਈ ਇਰਾਨ-ਇਜਰਾਇਲ ਵਿੱਚ ਚਲ ਰਹੀ ਹੈ ਭਾਰਤ ਦੇ ਪ੍ਰਧਾਨ ਮੰਤਰੀ ਦੇਸ਼ ਦੇ ਨਾਗਰਿਕਾਂ ਨੂੰ ਸੁਚੇਤ ਕਰ ਰਹੇ ਕੋਵਿਡ ਵਾਂਗ ਸਖਤ ਫੈਸਲੇ ਲਏ ਜਾ ਸਕਦੇ। ਪਟਰੋਲ ਪੰਪਾਂ,ਗੈਸ ਏਜੰਸੀਆਂ ਤੇ ਲੱਗੀਆਂ ਲਾਈਨਾ ਇਹ ਸੰਕੇਤ ਦੇ ਰਹੀਆਂ ਕਿ ਅਸੀਂ ਅਜੇ ਵਿਸ਼ਵ ਗੁਰੂ ਬਣਨ ਤੋਂ ਦੂਰ ਹਾਂ।

1979 ਵਿੱਚ ਇੱਕ ਐਸੀ ਘਟਨਾ ਹੋਈ ਜਿਸ ਨੇ ਇਤਿਹਾਸ ਦੀ ਦਿਸ਼ਾ ਹੀ ਬਦਲ ਦਿੱਤੀ। ਇਰਾਨ ਵਿੱਚ ਇਸਲਾਮਿਕ ਸਘਰੰਸ਼ ਹੋਇਆ ਸ਼ਾਹ ਦੀ ਸਰਕਾਰ ਖਤਮ ਹੋ ਗਈ ਨਵੀ ਇਸਲਾਮਿਕ ਲੀਡਰਸ਼ਿਪ ਆਇਤਉਲਾ ਖੁਮਾਨੀ ਨੇ ਵਾਗਡੋਰ ਸੰਭਾਲੀ ਇਜਰਾਇਲ ਨਾਲ ਰਿਸ਼ਤੇ ਖਤਮ ਕਰ ਦਿੱਤੇ ਗਏ ਅਤੇ ਇਜਰਾਇਲ ਨੂੰ ਦੁਸ਼ਮਨ ਦੇਸ਼ ਘੋਸ਼ਿਤ ਕੀਤਾ ਗਿਆ। ਫਿਲਸਤੀਨ ਦੇ ਸਮਰਥਨ ਦੀ ਨੀਤੀ ਅਪਣਾਈ।

ਇਥੋਂ ਸ਼ੁਰੂ ਹੋਇਆ ਇੱਕ ਲੰਬਾ ਟਕਰਾਅ 1980-2000 – ਪ੍ਰਾਕਸੀ ਜੰਗ ਦਾ ਦੌਰ ਇਸ ਦੌਰ ਵਿੱਚ ਇਰਾਨ ਅਤੇ ਇਜ਼ਰਾਇਲ ਨੇ ਸਿੱਧੀ ਜੰਗ ਨਹੀਂ ਕੀਤੀ, ਪਰ ਇੱਕ ਪ੍ਰਕਾਸੀ ਵਾਰ" ਚੱਲਦੀ ਰਹੀ।

"ਧਰਮ ਦੇ ਨਾਂ 'ਤੇ ਜੰਗਾਂ ਸ਼ੁਰੂ ਹੋ ਸਕਦੀਆਂ ਹਨ...ਪਰ ਉਹ ਜਿੱਤੀਆਂ ਹਮੇਸ਼ਾ ਤਾਕਤ, ਰਾਜਨੀਤੀ ਅਤੇ ਹਿੱਤਾਂ ਨਾਲ ਹੀ ਜਾਂਦੀਆਂ ਹਨ..."ਇਰਾਨ-ਇਜ਼ਰਾਇਲ ਰਿਸ਼ਤੇ: ਦੋਸਤੀ ਤੋਂ ਦੁਸ਼ਮਨੀ ਤੱਕ ਦਾ ਸਫ਼ਰ ਇਹ ਟਕਰਾਅ ਅਚਾਨਕ ਨਹੀਂ ਬਣਿਆ ਇਹ ਇੱਕ ਲੰਬੇ ਇਤਿਹਾਸਕ ਪ੍ਰਕਿਰਆ ਦਾ ਨਤੀਜਾ ਹੈ, ਜਿਸ ਵਿੱਚ ਦੋਸਤੀ, ਇਨਕਲਾਬ, ਸਬਦੀ ਜੰਗ ਅਤੇ ਹੁਣ ਸਿੱਧਾ ਸੈਨਿਕ ਟਕਰਾਅ ਸ਼ਾਮਲ ਹਨ।

"ਦੋਸਤੀ ਤੋਂ ਦੁਸ਼ਮਨੀ ਤੱਕ ਦਾ ਇਹ ਸਫ਼ਰ ਸਾਨੂੰ ਇੱਕ ਵੱਡੀ ਸਿੱਖ ਦੇਂਦਾ ਹੈ ਦੁਨੀਆ ਦੀ ਰਾਜਨੀਤੀ ਵਿੱਚ ਕੋਈ ਵੀ ਰਿਸ਼ਤਾ ਸਦਾ ਲਈ ਨਹੀਂ ਹੁੰਦਾ..."ਅੱਜ ਦੇ ਸਾਥੀ ਕੱਲ੍ਹ ਦੇ ਵਿਰੋਧੀ ਬਣ ਸਕਦੇ ਹਨ ਅਤੇ ਕੱਲ੍ਹ ਦੀਆਂ ਗਲਤੀਆਂ ਅੱਜ ਦੀ ਜੰਗ ਬਣ ਜਾਂਦੀਆਂ ਹਨ

ਇਰਾਨ-ਇਜ਼ਰਾਇਲ ਦਾ ਇਤਿਹਾਸਕ ਤੇ ਰਾਜਨੀਤਿਕ ਵਿਸ਼ਲੇਸ਼ਣ "ਇਤਿਹਾਸ ਸਾਨੂੰ ਦੱਸਦਾ ਹੈ ਕਿ ਦੁਸ਼ਮਨੀ ਇੱਕ ਦਿਨ ਵਿੱਚ ਨਹੀਂ ਬਣਦੀ ਇਹ ਸਾਲਾਂ ਦੀ ਰਾਜਨੀਤੀ, ਡਰ ਅਤੇ ਤਾਕਤ ਦੀ ਲੜਾਈ ਨਾਲ ਬਣਦੀ ਹੈ..."

**Information in Public Interest**

To listen to Dr.Gurdip Singh Sandhu health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

## Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ


- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307





ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।

**ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ**

**ਇੱਕ ਵਾਰ Visit ਜ਼ਰੂਰ ਕਰੋ।**

Ria MONEY TRANSFER

**INDIA**
**ਪੈਸੇ ਭੇਜਣ ਲਈ**
**RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ**





**Contact Number**

# +1 (209) 537-5702

# CENTRAL VALLEY *FIRST.*



VIN
KRUTTIVENTI
FOR CONGRESS

COMMON SENSE.
AFFORDABLE LIVING.
SAFE COMMUNITIES.
ACCOUNTABILITY.

*Businessman. Job Creator. Proven Leader.*

VIN
KRUTTIVENTI
FOR CONGRESS

★ WIN ★
WITH VIN



ਮੇਰਾ ਨਾਂ ਵਿਨ ਕਰੁੱਤੀਵੇਂਟੀ ਹੈ- ਇੱਕ ਵਪਾਰੀ ਅਤੇ ਨੌਕਰੀ ਸਿਰਜਣਹਾਰ, ਇੱਕ ਕਰੀਅਰ ਸਿਆਸਤਦਾਨ ਨਹੀਂ. ਮੈਂ ਆਪਣੀ ਜ਼ਿੰਦਗੀ ਕੰਪਨੀਆਂ ਬਣਾਉਣ, ਨੌਕਰੀਆਂ ਪੈਦਾ ਕਰਨ ਅਤੇ ਅਸਲ ਸਮੱਸਿਆਵਾਂ ਨੂੰ ਹੱਲ ਕਰਨ ਵਿਚ ਬਿਤਾਈ ਹੈ.

ਮੈਂ ਕਾਂਗਰਸ ਲਈ ਚੋਣ ਲੜ ਰਿਹਾ ਹਾਂ ਤਾਂ ਜੋ ਸੈਂਟਰਲ ਵੈਲੀ ਨੂੰ ਪਹਿਲਾਂ ਰੱਖਿਆ ਜਾ ਸਕੇ. ਵਾਸ਼ਿੰਗਟਨ ਟੁੱਟ ਗਿਆ ਹੈ, ਖਰਚੇ ਵਧ ਰਹੇ ਹਨ, ਅਤੇ ਸਾਡੇ ਭਾਈਚਾਰੇ ਇਸ ਦੀ ਕੀਮਤ ਅਦਾ ਕਰ ਰਹੇ ਹਨ. ਸਾਨੂੰ ਅਜਿਹੀ ਲੀਡਰਸ਼ਿਪ ਦੀ ਜ਼ਰੂਰਤ ਹੈ ਜੋ ਨਤੀਜੇ ਪ੍ਰਦਾਨ ਕਰੇ - ਬਹਾਨੇ ਨਹੀਂ।

## ਜਦੋਂ ਮੈਂ ਚੁਣਿਆ ਜਾਂਦਾ ਹਾਂ, ਤਾਂ ਅਸੀਂ:

★ ਅਰਥਵਿਵਸਥਾ ਨੂੰ ਠੀਕ ਕਰਾਂਗੇ — ਖਰਚੇ ਘਟਾਵਾਂਗੇ!
★ ਵਾਸ਼ਿੰਗਟਨ ਨੂੰ ਜ਼ਿੰਮੇਵਾਰ ਬਣਾਵਾਂਗੇ — ਸਰਕਾਰ ਨੂੰ ਕਾਰੋਬਾਰ ਵਾਂਗ ਚਲਾਵਾਂਗੇ
★ ਆਪਣੀਆਂ ਕਮਿਊਨਿਟੀਆਂ ਦੀ ਰੱਖਿਆ ਕਰਾਂਗੇ — ਗੈਂਗਾਂ ਅਤੇ ਜੁਰਮ 'ਤੇ ਸਖ਼ਤ ਕਾਰਵਾਈ ਕਰਾਂਗੇ
★ ਸਰਹੱਦ ਨੂੰ ਸੁਰੱਖਿਅਤ ਕਰਾਂਗੇ — ਕਾਨੂੰਨ ਲਾਗੂ ਕਰਾਂਗੇ ਅਤੇ ਗੈਰਕਾਨੂੰਨੀ ਪਰਵਾਸੀਆਂ ਨੂੰ ਡਿਪੋਰਟ ਕਰਾਂਗੇ
★ ਖੇਤੀਬਾੜੀ ਅਤੇ ਨੌਕਰੀਆਂ ਨੂੰ ਵਧਾਵਾਂਗੇ — ਪਾਣੀ ਦੀ ਸੁਰੱਖਿਆ ਕਰਾਂਗੇ ਅਤੇ ਕਿਸਾਨਾਂ ਅਤੇ ਕਾਰੋਬਾਰਾਂ ਲਈ ਰੁਕਾਵਟਾਂ ਘਟਾਵਾਂਗੇ

ਸੈਕਰਾਮੈਂਟੋ ਦੀਆਂ ਰੀਡਿਸਟ੍ਰਿਕਟਿੰਗ ਖੇਡਾਂ ਨੇ ਉਨ੍ਹਾਂ ਵਰਗੇ ਸਿਆਸਤਦਾਨਾਂ ਦੀ ਰੱਖਿਆ ਕੀਤੀ. ਹੁਣ ਸਾਡੀ ਵਾਰੀ ਹੈ ਕਿ ਅਸੀਂ ਇੱਕ ਅਸਲੀ ਬਾਹਰੀ ਵਿਅਕਤੀ ਨੂੰ ਭੇਜੀਏ ਜੋ ਸੈਂਟਰਲ ਵੈਲੀ ਦੇ ਨਤੀਜਿਆਂ ਨੂੰ D.C. ਦੇ ਡਰਾਮੇ ਤੋਂ ਉੱਪਰ ਰੱਖਦਾ ਹੈ।

LEARN MORE AT
VIN4CONGRESS.COM

com/vin4congress
@vin4congress

PAID FOR BY VIN KRUTTIVENTI FOR CONGRESS CA-13

REALTY UNPLUGGED

# ਤੁਹਾਡੀਆਂ ਜੜ੍ਹਾਂ
# ਤੁਹਾਡਾ ਮੁਨਾਫ਼ਾ $



ਸਮਝਦਾਰ NRI ਪੰਜਾਬੀਆਂ ਨੇ 2024 ਵੱਚਿ ਭਾਰਤੀ ਰੀਅਲ ਅਸਟੇਟ ਵੱਚਿ **$13 ਬਲਿੀਅਨ** ਲਗਾਏ—ਕਉਿੰਕ ਉਹਨਾਂ ਨੂੰ ਪਤਾ ਸੀ:

**ਤੁਹਾਡਾ ਡਾਲਰ + ਭਾਰਤ ਦੀ ਤਰੱਕੀ = ਪੀੜ੍ਹੀਆਂ ਦੀ ਦੌਲਤ**

## ਜਦੋਂ ਤੁਹਾਡਾ ਡਾਲਰ ਬਾਹਰ 4% ਕਮਾਉਂਦਾ ਹੈ, ਭਾਰਤ 18-20% ਦੰਿਦਾ ਹੈ

- **7.2% GDP ਵਾਧਾ** - ਦੁਨੀਆਂ ਦੀ 3.1% ਨਾਲੋਂ ਦੁੱਗਣਾ ਤੇਜ਼
- **3.48 ਲੱਖ ਹੁਨਰਮੰਦ ਭਾਰਤੀ** 2024 ਵੱਚਿ ਵਾਪਸ ਆਏ
- **$70 ਬਲਿੀਅਨ+ ਵਦਿੇਸ਼ੀ ਨਵਿੇਸ਼** - ਦੁਨੀਆਂ ਦਾ ਭਰੋਸਾ ਭਾਰਤ ਉੱਤੇ

## ਤੁਹਾਡੇ ਲਈ ਨਵਿੇਸ਼ ਦੇ ਰਾਹ

| ਨਵਿੇਸ਼ ਦੀ ਕਸਿਮ | ਸਾਲਾਨਾ ਮੁਨਾਫ਼ਾ | ਕਸਿ ਲਈ ਢੁਕਵਾਂ |
|---|---|---|
| ਵਕਿਾਸਸ਼ੀਲ ਇਲਾਕਆਿਂ ਦੀ ਜ਼ਮੀਨ | 18-20% ਵਾਧਾ | ਲੰਮੀ ਮਿਆਦ ਦੀ ਦੌਲਤ |
| ਨਰਿਮਾਣ ਅਧੀਨ ਪ੍ਰੀਮੀਅਮ ਫਲੈਟ | 16-18% ਵਾਧਾ | ਪੂੰਜੀ ਵਾਧਾ |
| ਸਟੂਡੀਓ ਅਪਾਰਟਮੈਂਟ | 7-9% ਕਰਿਾਇਆ + 7-9% ਵਾਧਾ | ਨਿਯਮਿਤ ਆਮਦਨ |
| ਪ੍ਰੀ-ਲੀਜ਼ਡ ਕਮਰਸ਼ੀਅਲ | 6-8% ਕਰਿਾਇਆ + 6-8% ਵਾਧਾ | ਸੁਰੱਖਿਅਤ ਨਿਵੇਸ਼ |

**ਨਵਿੇਸ਼ ਸੀਮਾ:** $100,000 ਤੋਂ $1,000,000 ਤੱਕ — ਸਮੇਂ ਦੀ ਕੋਈ ਪਾਬੰਦੀ ਨਹੀਂ।

## 147 NRI ਪਰਵਿਾਰਾਂ ਦਾ ਭਰੋਸਾ - Realty Unplugged

**ਸਾਡੇ ਸਫਲਤਾ ਦੇ ਕਿੱਸੇ:**

**2017 ਗੁੜਗਾਂਵ:**
**7 ਸਾਲਾਂ ਵਿੱਚ 3 ਗੁਣਾ ਮੁਨਾਫ਼ਾ**

**2020 ਚੰਡੀਗੜ੍ਹ:**
**4 ਸਾਲਾਂ ਵਿੱਚ ਦੁੱਗਣਾ ਵਾਧਾ**

**2022 ਪੁਣੇ:**
**2 ਸਾਲਾਂ ਵਿੱਚ 58% ਵਾਧਾ**

**ਆਪਣੇ ਭਵੱਖਿ ਨੂੰ ਸੁਰੱਖਅਿਤ ਕਰੋ - ਅੱਜ ਹੀ!**
**Call : +91 73038-88722**
**Subhiney Chabra : +91 97802-06080**

Let's Start!

**ਤੁਸੀ ਅਮਰੀਕਾ ਵੱਚਿ । ਤੁਹਾਡੀ ਜਾਇਦਾਦ ਭਾਰਤ ਵੱਚਿ ।**
**ਅਸੀ ਤੁਹਾਡੀਆਂ ਅੱਖਾਂ, ਹੱਥ ਅਤੇ ਕਾਨੂੰਨੀ ਢਾਲ।**


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
For more information call
Boota Singh Basi +1 (209) 303-1260

# ਸਮਾਨਤਾਵਾਦੀ ਸਮਾਜ ਦੀ ਸਿਰਜਣਾ ਲਈ ਲੋਕਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ 'ਚ ਅਪਨਾਉਣ ਦਾ ਸੱਦਾ

ਚੰਡੀਗੜ੍ਹ ਸਾਂਝੀ ਸੋਚ ਬਿਊਰੋ

ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਅਤੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਵੱਲੋਂ ਅੱਜ ਸੰਤ ਨਿਰਮਲ ਦਾਸ ਜੀ ਜੋੜੇ ਵਾਲੇ, ਸੰਤ ਪ੍ਰਗਟ ਨਾਥ ਅਤੇ ਹੋਰ ਸੰਤਾਂ-ਮਹਾਂਪੁਰਖਾਂ ਦੀ ਰਹਿਨੁਮਾਈ ਹੇਠ ਦਮੜੀ ਯਾਤਰਾ ਨੂੰ ਵਿਸ਼ੇਸ਼ ਟ੍ਰੇਨ ਰਾਹੀਂ ਸਥਾਨਕ ਸਿਟੀ ਰੇਲਵੇ ਸਟੇਸ਼ਨ ਤੋਂ ਹਰਿਦੁਆਰ ਲਈ ਰਵਾਨਾ ਕੀਤਾ ਗਿਆ।

ਇਸ ਮੌਕੇ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਕਮੇਟੀ ਅੰਮ੍ਰਿਤਪਾਲ ਸਿੰਘ ਵੀ ਮੌਜੂਦ ਸਨ। ਕੈਬਨਿਟ ਮੰਤਰੀ ਨੇ ਸੰਬੋਧਨ ਕਰਦਿਆਂ ਲੋਕਾਂ ਨੂੰ ਸਮਾਨਤਾਵਾਦੀ ਸਮਾਜ ਦੀ ਸਿਰਜਣਾ ਲਈ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਮੁੱਚੀ ਮਨੁੱਖਤਾ ਨੂੰ ਆਪਸੀ ਪ੍ਰੇਮ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਗੁਰੂ ਜੀ ਦੀਆਂ ਸਿੱਖਿਆਵਾਂ ਸਮੁੱਚੀ ਲੋਕਾਈ ਦਾ ਹਮੇਸ਼ਾ ਮਾਰਗਦਰਸ਼ਨ ਕਰਦੀਆਂ



ਰਹਿਣਗੀਆਂ, ਜੋ ਸਾਨੂੰ ਜਾਤ, ਧਰਮ ਅਤੇ ਨਸਲ ਦੇ ਵਖਰੇਵੇਂ ਤੋਂ ਉੱਪਰ ਉੱਠਣ ਦਾ ਸੰਦੇਸ਼ ਦਿੰਦੀਆਂ ਹਨ। ਸ੍ਰੀ ਭਗਤ ਨੇ ਕਿਹਾ ਕਿ ਗੁਰੂ ਰਵਿਦਾਸ ਜੀ ਦਾ ਇਹ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਲਈ ਪੰਜਾਬ ਸਰਕਾਰ ਵੱਲੋਂ ਅਣਥੱਕ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਸਰਕਾਰ ਵੱਲੋਂ ਗੁਰੂ ਰਵਿਦਾਸ ਜੀ ਦੇ ਆਉਣ ਵਾਲੇ 650ਵੇਂ ਪ੍ਰਕਾਸ਼ ਪੁਰਬ ਨੂੰ ਵੱਡੇ ਪੱਧਰ 'ਤੇ ਮਨਾਉਣ ਲਈ ਵਿਆਪਕ ਪ੍ਰੋਗਰਾਮ ਉਲੀਕੇ ਗਏ ਹਨ।

ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਦਮੜੀ ਯਾਤਰਾ ਲਈ ਸੰਗਤਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਉਹ ਕੌਮਾਂ ਹਮੇਸ਼ਾ ਅੱਗੇ ਵਧਦੀਆਂ ਅਤੇ ਤਰੱਕੀ ਕਰਦੀਆਂ ਹਨ, ਜਿਹੜੀਆਂ ਆਪਣੇ ਗੁਰੂਆਂ-ਪੀਰਾਂ, ਸੰਤਾਂ ਨੂੰ ਯਾਦ ਰੱਖਦੀਆਂ ਹੋਈਆਂ ਉਨ੍ਹਾਂ ਵੱਲੋਂ ਪਾਏ ਪੂਰਨਿਆਂ 'ਤੇ ਚੱਲਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਸਾਡੇ ਮਹਾਨ ਗੁਰੂਆਂ ਅਤੇ ਸੰਤਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਦੇ ਹੋਏ ਹਰ ਵਰਗ ਦੀ ਭਲਾਈ ਅਤੇ ਖੁਸ਼ਹਾਲੀ ਲਈ ਲਗਾਤਾਰ ਕੰਮ ਕਰ ਰਹੀ ਹੈ। ਇਸ ਮੌਕੇ ਸੰਤ ਸਤਵਿੰਦਰ ਹੀਰਾ, ਭੈਣ ਸੰਤੋਸ਼, 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ, ਦਿਨੇਸ਼ ਢੱਲ ਤੋਂ ਇਲਾਵਾ ਸੰਤ ਸਮਾਜ ਅਤੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

## ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ

# ਪਿਛਲੇ ਚਾਰ ਸਾਲ ਪੰਜਾਬ ਵਿੱਚ ਵੱਡੀ ਤਬਦੀਲੀ ਅਤੇ ਖੁਸ਼ਹਾਲੀ ਦੇ ਪ੍ਰਤੀਕ: ਬਰਿੰਦਰ ਕੁਮਾਰ ਗੋਇਲ

ਲਹਿਰਾਗਾਗਾ ਸਾਂਝੀ ਸੋਚ ਬਿਊਰੋ

ਮੁੱਖ ਮੰਤਰੀ, ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੇ ਚਾਰ ਸਾਲ ਪੂਰੇ ਹੋਣ 'ਤੇ ਚਲਾਈ ਮੁਹਿੰਮ "ਸ਼ਾਨਦਾਰ ਚਾਰ ਸਾਲ ਭਗਵੰਤ ਮਾਨ ਦੇ ਨਾਲ" ਮੁਹਿੰਮ ਤਹਿਤ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਲਹਿਰਾਗਾਗਾ ਦੇ ਵਾਰਡ ਨੰਬਰ 13 ਸਮੇਤ ਪਿੰਡ ਭੁਟਾਲ ਖੁਰਦ, ਭਾਠੂਆਂ, ਹਾਂਡਾ, ਹਮੀਰਗੜ੍ਹ, ਭੂੰਦੜ ਭੈਣੀ ਵਿਖੇ ਲੋਕਾਂ ਨਾਲ ਸੰਵਾਦ ਕੀਤਾ। ਇਸ ਮੌਕੇ ਉਨ੍ਹਾਂ ਨੇ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਅਤੇ ਹਲਕੇ ਵਿੱਚ ਚੱਲ ਰਹੇ ਵਿਕਾਸਮਈ ਅੰਕੜਿਆਂ ਨੂੰ ਜਨਤਕ ਕਰਦਿਆਂ ਦੱਸਿਆ ਕਿ ਪਿਛਲੇ ਚਾਰ ਸਾਲ ਪੰਜਾਬ ਵਿੱਚ ਵੱਡੀ ਤਬਦੀਲੀ ਅਤੇ ਖੁਸ਼ਹਾਲੀ ਦੇ ਪ੍ਰਤੀਕ ਰਹੇ ਹਨ। ਗੋਇਲ ਨੇ ਕਿਹਾ ਕਿ ਪਹਿਲੀ ਵਾਰ ਪੰਜਾਬ ਵਿੱਚ ਦਿਨ ਦੇ ਸਮੇਂ ਖੇਤੀ ਲਈ ਬਿਜਲੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਨਹਿਰੀ ਪ੍ਰਣਾਲੀ ਨੂੰ ਮਜ਼ਬੂਤ ਕਰਕੇ ਲਗਭਗ 80 ਫ਼ੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਜਾ ਰਿਹਾ ਹੈ, ਜਿਸ ਨਾਲ ਜ਼ਮੀਨੀ ਪਾਣੀ ਦੀ ਵਰਤੋਂ ਘਟੀ ਹੈ ਅਤੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਸੁਧਰ ਰਿਹਾ ਹੈ। ਪੰਜਾਬ ਦੀ ਸਿੰਚਾਈ ਪ੍ਰਣਾਲੀ ਵਿੱਚ ਹੋਏ ਕ੍ਰਾਂਤੀਕਾਰੀ ਬਦਲਾਅ ਬਾਰੇ ਗੱਲਬਾਤ ਕਰਦੇ ਹੋਏ ਸ਼੍ਰੀ ਗੋਇਲ ਨੇ ਕਿਹਾ ਕਿ ਸਾਲ 2022 ਵਿੱਚ ਨਹਿਰੀ ਸਿੰਚਾਈ ਨਾਲ ਸਿਰਫ 26.50 ਫ਼ੀਸਦ ਸਿੰਚਾਈ ਕੀਤੀ ਜਾਂਦੀ ਸੀ ਜੋ ਵੱਧ ਕੇ ਅੱਜ 78 ਫ਼ੀਸਦ ਹੋ ਗਈ ਹੈ ਤੇ ਇਸ ਸਾਲ ਝੋਨੇ ਦੀ ਲਵਾਈ ਤੋਂ ਪਹਿਲਾਂ ਪਹਿਲਾਂ ਇਹ 86 ਫ਼ੀਸਦ ਹੋ ਜਾਵੇਗੀ। 1,446 ਪਿੰਡ ਅਜਿਹੇ ਹਨ, ਜਿਨ੍ਹਾਂ ਤਕ ਨਹਿਰੀ ਪਾਣੀ ਅਜ਼ਾਦੀ ਤੋਂ ਬਾਅਦ



ਪਹਿਲੀ ਵਾਰ ਪਹੁੰਚਿਆ ਗਿਆ ਹੈ। ਭਰਵੇਂ ਇਕੱਠਾਂ ਨੂੰ ਸੰਬੋਧਨ ਕਰਦਿਆਂ ਗੋਇਲ ਨੇ ਸਰਕਾਰ ਦੀਆਂ ਪ੍ਰਾਪਤੀਆਂ ਦੇ ਮੁੱਖ ਨੁਕਤੇ ਸਾਂਝੇ ਕਰਦਿਆਂ ਦੱਸਿਆ ਕਿ "ਮਾਵਾਂ-ਧੀਆਂ ਸਤਿਕਾਰ ਯੋਜਨਾ" ਤਹਿਤ ਐਸ.ਸੀ. ਵਰਗ ਦੀਆਂ ਔਰਤਾਂ ਨੂੰ 1500 ਰੁਪਏ ਅਤੇ ਜਨਰਲ ਵਰਗ ਦੀਆਂ ਔਰਤਾਂ ਨੂੰ 1000 ਰੁਪਏ ਮਹੀਨਾਵਾਰ ਦੇਣ ਦੀ ਇਤਿਹਾਸਕ ਯੋਜਨਾ ਲਾਗੂ ਕੀਤੀ ਗਈ ਹੈ। ਸੂਬੇ ਦੇ 90 ਫ਼ੀਸਦੀ ਪਰਿਵਾਰਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਮਿਲ ਰਹੀ ਹੈ। ਕਿਸਾਨਾਂ ਲਈ ਪਹਿਲੀ ਵਾਰ ਦਿਨ ਵੇਲੇ ਬਿਜਲੀ ਅਤੇ 80 ਫ਼ੀਸਦੀ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ। ਪਾਰਦਰਸ਼ੀ ਤਰੀਕੇ ਨਾਲ 65,000 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਮਿਆਰੀ ਸਿਹਤ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਉਤੇ ਲਾਗੂ ਕਰਨ ਲਈ ਸੂਬੇ ਭਰ ਵਿੱਚ ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਹੇ ਹਨ। ਗੋਇਲ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਦੇਸ਼ ਦੀ ਰਾਖੀ ਕਰਦਿਆਂ ਸ਼ਹੀਦ ਹੋਣ ਵਾਲੇ ਫੌਜੀਆਂ ਦੇ ਪਰਿਵਾਰਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਰਾਸ਼ੀ ਵਧਾ ਕੇ 01 ਕਰੋੜ ਰੁਪਏ ਕੀਤੀ ਗਈ ਹੈ। ਕੈਬਨਿਟ ਮੰਤਰੀ ਨੇ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ 90,000 ਤੋਂ ਵੱਧ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਸੜਕਾਂ ਦੇ ਵਿਕਾਸ ਵੱਲ ਵੱਡਾ ਧਿਆਨ ਦਿੰਦਿਆਂ ਲਗਭਗ 45,000 ਕਿਲੋਮੀਟਰ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ। ਨੌਜਵਾਨਾਂ ਨੂੰ ਵੱਡੇ ਪੱਧਰ ਉੱਤੇ ਖੇਡਾਂ ਨਾਲ ਜੋੜਨ ਲਈ ਸੂਬੇ ਵਿੱਚ ਵੱਡੀ ਗਿਣਤੀ ਸਟੇਡੀਅਮ ਬਣਾਏ ਜਾ ਰਹੇ ਹਨ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਉਪਰਾਲੇ ਵੱਡੇ ਪੱਧਰ ਉੱਤੇ ਜਾਰੀ ਹਨ। ਗੋਇਲ ਨੇ ਦੱਸਿਆ ਕਿ 50 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਮੁਫ਼ਤ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਗਈ ਹੈ, ਜੋ ਉਨ੍ਹਾਂ ਲਈ ਸਨਮਾਨ ਦੀ ਨਿਸ਼ਾਨੀ ਹੈ। ਇਸ ਦੇ ਨਾਲ ਹੀ ਲੋੜਵੰਦ ਪਰਿਵਾਰਾਂ ਨੂੰ 2 ਕਿਲੋ ਦਾਲ, 2 ਕਿਲੋ ਖੰਡ, 1 ਕਿਲੋ ਲੂਣ, 200 ਗ੍ਰਾਮ ਹਲਦੀ ਅਤੇ 1 ਕਿਲੋ ਸਰੋਂ ਦਾ ਤੇਲ ਮੁਹੱਈਆ ਕਰਵਾਉਣ ਦੀ ਯੋਜਨਾ ਲਿਆਂਦੀ ਗਈ ਹੈ। ਇਸ ਮੌਕੇ ਵੱਖ-ਵੱਖ ਪੰਚ, ਸਰਪੰਚ, ਕੌਂਸਲਰ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ, ਜਿਨ੍ਹਾਂ ਨੇ ਸਰਕਾਰ ਦੀਆਂ ਨੀਤੀਆਂ ਅਤੇ ਹਲਕੇ ਦੇ ਵਿਕਾਸ ਕਾਰਜਾਂ 'ਤੇ ਪੂਰਨ ਤਸੱਲੀ ਪ੍ਰਗਟਾਈ।

# ਪਾਕਿਸਤਾਨ ਯੂਏਈ ਦਾ 3.5 ਬਿਲੀਅਨ ਡਾਲਰ ਦਾ ਕਰਜ਼ਾ ਚੁਕਾਏਗਾ, ਤਿੰਨ ਕਿਸ਼ਤਾਂ 'ਚ ਹੋਵੇਗਾ ਭੁਗਤਾਨ

ਲਾਹੌਰ ਸਾਂਝੀ ਸੋਚ ਬਿਊਰੋ

ਪਾਕਿਸਤਾਨ ਨੇ ਅਪ੍ਰੈਲ ਵਿੱਚ ਯੂਏਈ ਦਾ 3.5 ਬਿਲੀਅਨ ਡਾਲਰ ਦਾ ਕਰਜ਼ਾ ਵਾਪਸ ਕਰਨ ਦਾ ਫੈਸਲਾ ਕੀਤਾ ਹੈ। ਸ਼ਡਿਊਲ ਦੇ ਅਨੁਸਾਰ, ਪੂਰੀ ਰਕਮ 11, 17 ਅਤੇ 23 ਅਪ੍ਰੈਲ ਨੂੰ ਵੱਖ-ਵੱਖ ਕਿਸ਼ਤਾਂ ਵਿੱਚ ਵਾਪਸ ਕੀਤੀ ਜਾਵੇਗੀ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ ਜਦੋਂ ਦੇਸ਼ ਦੇ ਵਿਦੇਸ਼ੀ ਮੁਦਰਾ ਭੰਡਾਰ ਦਾ ਇੱਕ ਵੱਡਾ ਹਿੱਸਾ ਪਹਿਲਾਂ ਹੀ ਦੂਜੇ ਦੇਸ਼ਾਂ ਦੀ ਸਹਾਇਤਾ 'ਤੇ ਨਿਰਭਰ ਕਰਦਾ ਹੈ। ਪਾਕਿਸਤਾਨੀ ਸਰਕਾਰ ਕੁਝ ਕਰਜ਼ੇ ਨੂੰ ਨਿਵੇਸ਼ ਵਿੱਚ ਬਦਲਣ ਦੀ ਕੋਸ਼ਿਸ਼ ਵੀ ਕਰ ਰਹੀ ਹੈ, ਪਰ ਗੱਲਬਾਤ ਜਾਰੀ ਹੈ। ਪਾਕਿਸਤਾਨ ਨੂੰ ਇਹ ਕਰਜ਼ੇ ਵੱਖ-ਵੱਖ ਸਮੇਂ 'ਤੇ ਪ੍ਰਾਪਤ ਹੋਏ। ਯੂਏਈ ਨੇ 2018 ਵਿੱਚ 2 ਬਿਲੀਅਨ ਡਾਲਰ



ਦਾ ਕਰਜ਼ਾ ਪ੍ਰਦਾਨ ਕੀਤਾ, ਜਿਸਨੂੰ ਵਾਰ-ਵਾਰ ਵਧਾਇਆ ਗਿਆ, ਅਤੇ 2023 ਵਿੱਚ ਪਾਕਿਸਤਾਨ ਨੂੰ ਆਈਐਮਐਫ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਮਦਦ ਕਰਨ ਲਈ ਹੋਰ 1 ਬਿਲੀਅਨ ਡਾਲਰ ਪ੍ਰਦਾਨ ਕੀਤੇ ਗਏ। ਦਰਅਸਲ, ਯੂਏਈ ਨੇ ਹਾਲ ਹੀ ਵਿੱਚ ਆਪਣੀ ਕਰਜ਼ਾ ਰੋਲਓਵਰ ਨੀਤੀ ਨੂੰ ਥੋੜ੍ਹੇ ਸਮੇਂ ਦੇ ਐਕਸਟੈਂਸ਼ਨ ਵਿੱਚ ਬਦਲ ਦਿੱਤਾ ਹੈ, ਜਿਸ ਨਾਲ ਪਾਕਿਸਤਾਨ 'ਤੇ ਜਲਦੀ ਭੁਗਤਾਨ ਕਰਨ ਲਈ ਦਬਾਅ ਵਧਿਆ ਹੈ। ਪਾਕਿਸਤਾਨ ਕੋਲ ਅਪ੍ਰੈਲ ਵਿੱਚ ਹੀ ਕੁੱਲ 4.8 ਬਿਲੀਅਨ ਡਾਲਰ ਦਾ ਭੁਗਤਾਨ ਕਰਨਾ ਹੈ, ਜਿਸ ਵਿੱਚ ਇੱਕ ਵੱਡਾ ਬਾਂਡ ਵੀ ਸ਼ਾਮਲ ਹੈ। ਸਰਕਾਰ ਦਾ ਕਹਿਣਾ ਹੈ ਕਿ ਸਥਿਤੀ ਕਾਬੂ ਵਿੱਚ ਹੈ, ਪਰ ਘਟਦੀ ਬਰਾਮਦ ਅਤੇ ਵਿਦੇਸ਼ੀ ਨਿਵੇਸ਼ ਚੁਣੌਤੀਆਂ ਪੈਦਾ ਕਰਦੇ ਹਨ।

# 38ਵੀਆਂ ਆਸਟ੍ਰੇਲੀਅਨ ਸਿੱਖ ਗੇਮਜ਼ 2026 ਦਾ ਅੱਜ ਤੀਜਾ ਅਤੇ ਆਖਰੀ ਦਿਨ

ਮੈਲਬੌਰਨ ਸਾਂਝੀ ਸੋਚ ਬਿਊਰੋ




ਆਸਟ੍ਰੇਲੀਆ 'ਚ 38ਵੀਆਂ ਸਿੱਖ ਗੇਮਜ਼ 2026 3 ਅਪ੍ਰੈਲ ਤੋਂ ਲੈ ਕੇ 5 ਅਪ੍ਰੈਲ ਤੱਕ ਮੈਲਬੌਰਨ 'ਚ ਹੋ ਰਹੀਆਂ ਹਨ। ਅੱਜ ਐਤਵਾਰ ਨੂੰ ਇਨ੍ਹਾਂ ਖੇਡਾਂ ਦਾ ਤੀਜਾ ਅਤੇ ਆਖਰੀ ਦਿਨ ਹੈ। ਪਹਿਲੇ ਦਿਨ 3 ਅਪ੍ਰੈਲ ਅਤੇ 4 ਅਪ੍ਰੈਲ ਨੂੰ ਨੈੱਟਬਾਲ, ਬਾਸਕੇਟਬਾਲ, ਵਾਲੀਬਾਲ, ਹਾਕੀ, ਬੈਡਮਿੰਟਨ, ਕਬੱਡੀ, ਖੋ ਖੋ, ਜੂਨੀਅਰ ਫੁਟਬਾਲ, ਸੀਨੀਅਰ ਪੁਰਸ਼ ਫੁੱਟਬਾਲ, ਸੀਨੀਅਰ ਮਹਿਲਾ ਫੁੱਟਬਾਲ, ਜੂਨੀਅਰ ਫੁਟਬਾਲ, ਕ੍ਰਿਕੇਟ, ਐਥਲੈਟਿਕਸ ਦੇ ਦਿਲ ਖਿੱਚਵੇਂ ਮੁਕਾਬਲੇ ਹੋਏ। ਅੱਜ ਦੂਜੇ ਦਿਨ ਵੀ ਇਹ ਮੁਕਾਬਲੇ ਜਾਰੀ ਰਹਿਣਗੇ। ਖੇਡਾਂ 'ਚ 9,000+ ਐਥਲੀਟਾਂ, 500+ ਟੀਮਾਂ ਅਤੇ 150,000+ ਦਰਸ਼ਕਾਂ ਦੇ ਨਾਲ, ਇਹ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਸਿੱਖ ਖੇਡਾਂ ਵਿੱਚੋਂ ਇੱਕ ਹੋਣ ਲਈ ਤਿਆਰ ਹਨ। ਦੱਸ ਦਈਏ ਕਿ ਪਹਿਲੇ ਦਿਨ ਖਿਡਾਰੀਆਂ ਦੀਆਂ ਖੇਡਾਂ ਦੇਖਣ ਲਈ ਵੱਡੀ ਗਿਣਤੀ 'ਚ ਲੋਕ ਸ਼ਾਮਿਲ ਹੋਏ। ਅੱਜ ਵੀ ਵੱਡੀ ਗਿਣਤੀ 'ਚ ਲੋਕਾਂ ਦੇ ਸ਼ਾਮਿਲ ਹੋਣ ਦੀ ਉਮੀਦ ਹੈ। ਖੇਡਾਂ ਦੌਰਾਨ ਪ੍ਰਬੰਧਕਾਂ ਵੱਲੋਂ ਸਾਂਝਾ ਲੰਗਰ (ਕਮਿਊਨਿਟੀ ਰਸੋਈ) ਸਾਰੇ ਹਫਤੇ ਦੇ ਅੰਤ ਵਿੱਚ ਸਾਰਿਆਂ ਲਈ ਮੁਫਤ ਭੋਜਨ ਪਰੋਸਿਆ ਜਾ ਰਿਹਾ ਹੈ। ਖੇਡਾਂ ਦੇ ਪਹਿਲੇ ਦਿਨ 3 ਅਪ੍ਰੈਲ ਨੂੰ ਭੰਗੜਾ ਬੈਟਲ ਅਤੇ 4 ਅਪ੍ਰੈਲ ਨੂੰ ਗਿੱਧਾ ਅਤੇ ਥੀਏਟਰ ਦੇ ਦਿਲ ਖਿੱਚਵੇਂ ਪ੍ਰੋਗਰਾਮ ਹੋਏ। ਇਸ ਤੋਂ ਇਲਾਵਾ ਹਰ ਦਿਨ ਦੇ ਅੰਤ 'ਚ ਸੱਭਿਆਚਾਰਕ ਪ੍ਰੋਗਰਾਮਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਸ਼ਾਮ 7 ਵਜੇ ਤੋਂ ਰਾਤ 11 ਵਜੇ, ਕਲਾਕਟਾਵਰ, ਮੂਨੀ ਪੌਂਡਸ। ਇਸ ਤੋਂ ਬਿਨਾ ਅੱਜ ਪੰਜਾਬੀ ਗਾਇਕ ਸਰਬਜੀਤ ਚੀਮਾ ਵੀ ਸਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ।

# ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ

## ਵਿਸਾਖੀ ਦੇ ਪਾਵਨ ਮੌਕੇ 'ਤੇ ਵਿਸ਼ਾਲ ਗੁਰਮਤਿ ਸਮਾਗਮ





## ਗੁਰਦੁਆਰਾ ਗੁਰਮਤਿ ਪ੍ਰਕਾਸ਼ ਮਨਟੀਕਾ 'ਚ

ਸੰਤ ਬਾਬਾ ਠਾਕੁਰ ਸਿੰਘ ਜੀ (ਦਮਦਮੀ ਟਕਸਾਲ) ਵਾਲਿਆਂ ਦੇ ਯਾਦਗਾਰੀ ਅਸਥਾਨ 'ਤੇ

**ਵਿਸਾਖੀ ਦੇ ਪਾਵਨ ਮੌਕੇ 'ਤੇ 1 ਤੋਂ 14 ਅਪ੍ਰੈਲ ਤੱਕ ਵਿਸ਼ਾਲ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਹੈ।**

**ਖਾਸ ਹਾਜ਼ਰੀਆਂ :**

1 ਅਪ੍ਰੈਲ – 9 ਅਪ੍ਰੈਲ



ਢਾਡੀ ਜਥਾ
ਭਾਈ ਅਮਰਜੀਤ ਸਿੰਘ ਜੀ ਜੌਹਲ (ਬਿਧੀਪੁਰ)

10 ਅਪ੍ਰੈਲ – 14 ਅਪ੍ਰੈਲ



ਢਾਡੀ ਜਥਾ
ਭਾਈ ਤਰਸੇਮ ਸਿੰਘ ਜੀ ਮੋਰਾਂਵਾਲੀ

14 ਅਪ੍ਰੈਲ



ਰਾਗੀ ਜਥਾ
ਭਾਈ ਆਤਮਜੋਤ ਸਿੰਘ ਜੀ (ਯੂਬਾ ਸਿਟੀ) ਵਾਲੇ

ਅੰਮ੍ਰਿਤ ਸੰਚਾਰ 12 ਅਪ੍ਰੈਲ ਦੁਪਹਿਰ 2 ਵਜੇ

ਸੰਗਤਾਂ ਲਈ ਲੰਗਰ ਦੇ ਬਿਅੰਤ ਸਟਾਲਾਂ ਦਾ ਵਿਸ਼ੇਸ਼ ਪ੍ਰਬੰਧ

**ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਖਾਲਸਾ ਪੰਥ ਦੇ ਸਾਜਨਾ ਦਿਵਸ ਮੌਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।**

ਹੈਡ ਗ੍ਰੰਥੀ: ਬਾਬਾ ਜੋਗਿੰਦਰ ਸਿੰਘ ਜੀ 209-445-5972 | ਪ੍ਰਧਾਨ: ਭਾਈ ਜਰਨੈਲ ਸਿੰਘ ਜੀ 209-321-1733

2050 W. Woodward Ave, Manteca, CA 95337

ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥



# ਕੈਲੀਫੋਰਨੀਆ ਦੀ ਧਰਤੀ 'ਤੇ ਪਹਿਲੀ ਵਾਰ

ਸੈਕਰਾਮੈਂਟੋ ਦੇ ਕੈਪੀਟਲ ਗਰਾਉਂਡ 'ਚ ਬੜੀ ਸ਼ਰਧਾ, ਭਾਵਨਾ ਤੇ ਧੂਮਧਾਮ ਨਾਲ ਸਿੱਖ ਪੰਥ ਵੱਲੋਂ

# ਖਾਲਸਾ ਸਾਜਨਾ ਦਿਵਸ 2026

ਸ਼ਾਨੋ-ਸ਼ੋਕਤ ਤੇ ਚੜ੍ਹਦੀ ਕਲਾ ਨਾਲ ਮਨਾਇਆ ਜਾ ਰਿਹਾ ਹੈ।

## ਇਹ ਸਿਰਫ਼ ਇੱਕ ਸਮਾਗਮ ਨਹੀਂ...



**ਇਹ ਸਾਡੀ ਪਛਾਣ, ਸਾਡੀ ਏਕਤਾ ਤੇ ਸਾਡੀ ਵਿਰਾਸਤ ਦਾ ਪ੍ਰਤੀਕ ਹੈ।**

ਮਿਤੀ: 18 ਅਪ੍ਰੈਲ 2026, ਸ਼ਨੀਵਾਰ

ਸਮਾਂ: ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ

ਸਾਰੀ ਸੰਗਤ ਨੂੰ State Capital of California, Sacramento 'ਚ ਪਹੁੰਚਣ ਲਈ ਨਿਮਰ ਸੱਦਾ ਦਿੱਤਾ ਜਾਂਦਾ ਹੈ।

## ਆਓ, ਇਸ ਇਤਿਹਾਸਿਕ ਦਿਹਾੜੇ ਨੂੰ ਮਿਲ ਕੇ ਮਨਾਈਏ...

ਕੀਰਤਨ, ਅਰਦਾਸ ਤੇ ਗੁਰੂ ਸਾਹਿਬ ਦੀ ਬਾਣੀ ਨਾਲ ਜੀਵਨ ਨੂੰ ਨਿਹਾਲ ਕਰੀਏ।
ਅਮਰੀਕਨ ਭਾਈਚਾਰੇ ਨਾਲ ਸਿੱਖ ਧਰਮ ਦੀਆਂ ਮਹਾਨ ਸਿੱਖਿਆਵਾਂ ਸਾਂਝੀਆਂ ਕਰੀਏ।

**ਗੁਰੂ ਕੇ ਲੰਗਰ ਦੀ ਸੇਵਾ :**

ਸਮੂਹ ਮਹਿੰਦਰ ਸਿੰਘ ਢੰਡਾ ਪਰਿਵਾਰ,
ਸਮੂਹ ਮਲਕੀਤ ਸਿੰਘ ਜੌਹਲ ਪਰਿਵਾਰ,
ਸਮੂਹ ਨੌਜਵਾਨ ਵੀਰ (ਕਰਨਾਲ)

**ਸੰਗਤ ਦੀ ਸਹੂਲਤ ਲਈ :**

**ਸ. ਨਰਿੰਦਰ ਸਿੰਘ ਥਾਂਦੀ**
(ਪ੍ਰਧਾਨ ਗੁ. ਵੈਸਟ ਸੈਕਰਾਮੈਂਟੋ) ਵਲੋਂ

**ਸਵੇਰੇ 8:00 ਵਜੇ ਤੋਂ ਦੁਪਹਿਰ 2:00 ਵਜੇ ਤੱਕ**

ਗੁਰਦੁਆਰਾ ਸਾਹਿਬ ਤੋਂ ਕੈਪੀਟਲ ਗਰਾਉਂਡ ਤੱਕ
ਫ੍ਰੀ ਬੱਸ ਸੇਵਾ ਉਪਲੱਬਧ ਹੋਵੇਗੀ।

**ਖਾਸ ਬੇਨਤੀ :** ਸਾਰੇ ਵੀਰ ਬਸੰਤੀ ਰੰਗ ਦੀਆਂ ਪੱਗਾਂ, ਬੀਬੀਆਂ ਬਸੰਤੀ ਰੰਗ ਦੇ ਦੁਪੱਟੇ ਪਹਿਨ ਕੇ ਆਉਣ ਤਾਂ ਜੋ ਖਾਲਸੇ ਦੀ ਸ਼ਾਨ ਹੋਰ ਵੀ ਨਿਖਰੇ।

**ਸਹਿਯੋਗੀ ਸੰਸਥਾਵਾਂ :** • ਗੁਰਦੁਆਰਾ ਪ੍ਰਬੰਧਕ ਕਮੇਟੀ ਵੈਸਟ ਸੈਕਰਾਮੈਂਟੋ • ਇਲਾਕੇ ਦੀਆਂ ਗੁਰਦੁਆਰਾ ਕਮੇਟੀਆਂ • ਕੈਲੀਫੋਰਨੀਆ ਸਿੱਖ ਯੂਥ ਐਲਾਇੰਸ • ਸਮੂਹ ਸਾਧ ਸੰਗਤ • ਨੌਜਵਾਨ ਵੀਰ (ਕਰਨਾਲ) • Bhagat Puran Singh Health Initiative

## ਵਧੇਰੇ ਜਾਣਕਾਰੀ ਲਈ : 916-600-1435


SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702

# ਫਾਰਮ ਸਲਾਹਕਾਰ ਸੇਵਾ ਕੇਂਦਰ ਵੱਲੋਂ ਪਿੰਡ ਸੰਗਤਪੁਰਾ ਵਿਖੇ ਕਿਸਾਨ ਜਾਗਰੂਕਤਾ ਕੈਂਪ

**ਸੰਗਰੂਰ**
**ਸਾਂਝੀ ਸੋਚ ਬਿਊਰੋ**



ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ, ਸੰਗਰੂਰ ਵੱਲੋਂ ਝੋਨੇ ਦੀਆਂ ਘੱਟ ਸਮੇਂ ਦੀਆਂ ਕਿਸਮਾਂ ਬੀਜਣ, ਮਿੱਟੀ ਪਰਖ ਕਰਵਾਕੇ ਖਾਦਾਂ ਪਾਉਣ ਅਤੇ ਪਾਣੀ ਬਚਾਉਣ ਸਬੰਧੀ ਪਿੰਡ ਸੰਗਤਪੁਰਾ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਕੈਂਪ ਵਿੱਚ 50 ਦੇ ਕਰੀਬ ਕਿਸਾਨਾਂ ਨੇ ਭਾਗ ਲਿਆ।ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਡਾ. ਅਸ਼ੋਕ ਕੁਮਾਰ ਗਰਗ, ਸੀਨੀਅਰ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਪੀ.ਏ.ਯੂ. ਵੱਲੋਂ ਸਿਫਾਰਸ਼ ਕਿਸਮਾਂ ਜਿਵੇਂ ਕਿ ਪੀ ਆਰ 131, ਪੀ ਆਰ 132, ਪੀ ਆਰ 126 ਆਦਿ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਹਨਾਂ ਨੇ ਨਵੀਂ ਕਿਸਮ ਪੀ ਆਰ 133 ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਕਿਸਮ ਲੁਆਈ ਤੋਂ ਬਾਅਦ ਲਗਭਗ 111 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਪੀ ਆਰ 131 ਤੋਂ ਲਗਭਗ 6 ਪ੍ਰਤੀਸ਼ਤ ਵੱਧ ਝਾੜ ਦਿੰਦੀ ਹੈ।ਬਾਸਮਤੀ ਵਿੱਚ ਪੂਸਾ ਬਾਸਮਤੀ 1509 ਅਤੇ ਪੰਜਾਬ ਬਾਸਮਤੀ 7 ਵਿੱਚ ਖਾਦਾਂ ਦੀ ਲੋੜ ਅਤੇ ਝੰਡਾ ਰੋਗ ਦੀ ਰੋਕਥਾਮ ਲਈ ਬੀਜ ਸੋਧ ਬਾਰੇ ਵਿਸਥਾਰਪੂਰਵਕ ਚਰਚਾ ਹੋਈ। ਡਾ. ਅਸ਼ੋਕ ਨੇ ਕਿਸਾਨਾਂ ਨੂੰ ਮਿੱਟੀ ਪਰਖ ਦੇ ਆਧਾਰ 'ਤੇ ਹੀ ਖਾਦਾਂ ਪਾਉਣ ਲਈ ਪ੍ਰੇਰਦੇ ਹੋਏ ਕਿਹਾ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਨਾਲ ਜਿੱਥੇ ਖੇਤੀ ਖਰਚੇ ਘਟਣਗੇ ਉੱਥੇ ਝਾੜ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਨੇ ਮੌਕੇ ਤੇ ਮਿੱਟੀ ਪਰਖ ਕਰਾਉਣ ਲਈ ਨਮੂਨਾ ਲੈਣ ਦੇ ਢੰਗ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ। ਕਿਸਾਨਾਂ ਨੂੰ ਯੂਰੀਆ ਖਾਦ ਦੀ ਸੰਜਮ ਨਾਲ ਵਰਤੋਂ ਅਤੇ ਕਈ ਥੈਲੇ ਇੱਕੋ ਸਮੇਂ ਤੇ ਵਰਤਣ ਤੋਂ ਗੁਰੇਜ ਕਰਨ ਲਈ ਕਿਹਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਕਿਸਾਨ ਵੀਰ ਝੋਨੇ ਵਿੱਚ ਜ਼ਿੰਕ ਦੀ ਘਾਟ ਨੂੰ ਪੂਰਾ ਕਰਨ ਲਈ ਸਿਫਾਰਿਸ਼ ਕੀਤੀ ਪੂਰੀ ਮਾਤਰਾ ਹੀ ਪਾਉਣ। ਜੈਵਿਕ ਖਾਦਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਝੋਨੇ ਦੀ ਪੌਦ ਲਈ ਐਜ਼ੋਸਪਾਇਰਲਮ ਦੀ ਵਰਤੋਂ ਜਿੱਥੇ ਝਾੜ ਵਧਾਉਣ ਵਿੱਚ ਸਹਾਈ ਹੁੰਦਾ ਹੈ ਉੱਥੇ ਜ਼ਮੀਨ ਦੀ ਜੈਵਿਕ ਸਿਹਤ ਨੂੰ ਵੀ ਸੁਧਾਰਦਾ ਹੈ।ਡਾ. ਅਸ਼ੋਕ ਨੇ ਕਿਸਾਨਾਂ ਨੂੰ ਪਸ਼ੂਆਂ ਦੀ ਸਿਹਤ ਸੁਧਾਰ ਸਬੰਧੀ ਨੁਕਤੇ ਸਾਂਝੇ ਕਰਦੇ ਹੋਏ ਦੱਸਿਆ ਕਿ ਧਾਤਾਂ ਦਾ ਚੂਰਾ, ਬਾਈਪਾਸ ਫੈਟ ਅਤੇ ਪਸ਼ੂ ਚਾਟ ਆਦਿ ਦੀ ਵਰਤੋਂ ਕਰਕੇ ਪਸ਼ੂ ਪਾਲਕ ਆਪਣੇ ਪਸ਼ੂਆਂ ਨੂੰ ਤੰਦਰੁਸਤ ਰੱਖਣ ਦੇ ਨਾਲ-ਨਾਲ ਦੁੱਧ ਦੀ ਪੈਦਾਵਾਰ ਵੀ ਵਧਾ ਸਕਦੇ ਹਨ।ਇਸ ਮੌਕੇ ਡਾ. ਲਖਵੀਰ ਸਿੰਘ ਖੇਤੀਬਾੜੀ ਵਿਕਾਸ ਅਫਸਰ ਹਰਿਆਊ ਨੇ ਕਿਸਾਨਾਂ ਨੂੰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਝੋਨੇ ਦੀ ਮਸ਼ੀਨਰੀ, ਜਿਪਸਮ ਅਤੇ ਮੂੰਗੀ ਦੇ ਬੀਜ ਦੀ ਉਪਲਬਧਤਾ ਬਾਰੇ ਦੱਸਿਆ। ਪਿੰਡ ਦੇ ਅਗਾਂਹਵਧੂ ਕਿਸਾਨ ਸੁਖਤਾਰ ਸਿੰਘ, ਗੁਰਵਿੰਦਰ ਸਿੰਘ, ਪਰਗਟ ਸਿੰਘ, ਗੋਬਿੰਦਰ ਸਿੰਘ, ਸਾਬਕਾ ਸਰਪੰਚ ਸੁਖਚੰਦ ਸਿੰਘ, ਸਾਬਕਾ ਸਰਪੰਚ ਅਮਰਜੀਤ ਸਿੰਘ ਅਤੇ ਹੋਰ ਕਿਸਾਨ ਵੀਰਾਂ ਨੇ ਕੈਂਪ ਲਾਉਣ ਲਈ ਪੂਰਾ ਯੋਗਦਾਨ ਪਾਇਆ। ਕੈਂਪ ਦੇ ਅੰਤ ਵਿੱਚ ਕਿਸਾਨ ਵੀਰਾਂ ਲਈ ਪੀ.ਏ.ਯੂ. ਲੁਧਿਆਣਾ ਵਲੋਂ ਤਿਆਰ ਗਰਮੀ ਰੁੱਤ ਦੀਆਂ ਸਬਜ਼ੀਆਂ ਦੇ ਬੀਜਾਂ ਦੀ ਕਿੱਟ, ਧਾਤਾਂ ਦਾ ਚੂਰਾ, ਪਸ਼ੂ ਚਾਟ ਦੀ ਵਿੱਕਰੀ ਵੀ ਕੀਤੀ ਗਈ। ਕਿਸਾਨਾਂ ਦੁਆਰਾ ਉਠਾਏ ਗਏ ਬਹੁਤ ਸਾਰੇ ਸਵਾਲਾਂ ਦੇ ਜਵਾਬ ਬਾਖੂਬੀ ਦਿੱਤੇ ਗਏ। ਫਾਰਮ ਸਲਾਹਕਾਰ ਸੰਗਰੂਰ ਦੀ ਟੀਮ ਨੇ ਸ. ਮਹਿੰਦਰ ਸਿੰਘ ਦੇ ਖੇਤ ਵਿੱਚ ਸਰਫੇਸ ਸੀਡਰ ਮਸ਼ੀਨ ਨਾਲ ਬੀਜੀ ਕਣਕ ਦਾ ਦੌਰਾ ਵੀ ਕੀਤਾ।

# ਮਰਹੂਮ ਕਿਸਾਨ ਆਗੂ ਸ਼ਾਮ ਲਾਲ (ਲੀਲਾ ਸਿੰਘ) ਠੂਠਿਆਂਵਾਲੀ ਦਾ ਹੋਇਆ ਸ਼ਰਧਾਂਜਲੀ ਸਮਾਗਮ

**ਮਾਨਸਾ**
**ਸਾਂਝੀ ਸੋਚ ਬਿਊਰੋ**



ਅੱਜ ਮਾਨਸਾ ਜ਼ਿਲ੍ਹੇ ਦੇ ਪਿੰਡ ਠੂਠਿਆਂ ਵਾਲੀ ਦੇ ਮਰਹੂਮ ਕਿਸਾਨ ਆਗੂ ਸ਼ਾਮ ਲਾਲ(ਲੀਲਾ ਸਿੰਘ)ਨਮਿੱਤ ਸ਼ਰਧਾਂਜਲੀ ਸਮਾਗਮ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਹੋਇਆ। ਸ਼ਾਮ ਲਾਲ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਸਰਗਰਮ ਆਗੂ ਸਨ ਅਤੇ ਪਿਛਲੇ ਦਿਨੀਂ ਇੱਕ ਸੜਕ ਹਾਦਸੇ ਵਿੱਚ ਵਿਛੋੜਾ ਦੇ ਗਏ ਸਨ। ਸ਼ਰਧਾਂਜਲੀ ਸਮਾਗਮ ਤੇ ਕਿਸਾਨ ਮਜ਼ਦੂਰ ਅਤੇ ਹੋਰ ਜਥੇਬੰਦੀਆਂ ਦੇ ਵਰਕਰ ਅਤੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਹੋਏ। ਸ਼ਰਧਾਂਜਲੀ ਸਮਾਗਮ ਤੇ ਸੰਗਤਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਲਛਮਣ ਸਿੰਘ ਚੱਕ ਅਲੀ ਸ਼ੇਰ ਨੇ ਕਿਹਾ ਕਿ ਸ਼ਾਮ ਲਾਲ ਵਰਗੇ ਸਰਗਰਮ ਅਤੇ ਸੁਲਝੇ ਹੋਏ ਆਗੂ ਦੇ ਚਲੇ ਜਾਣ ਨਾਲ ਸਮੁੱਚੀ ਕਿਸਾਨ ਲਹਿਰ ਨੂੰ ਨਾਂ ਪੂਰਿਆ ਜਾਣ ਵਾਲਾ ਘਾਟਾ ਪਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਸਿੰਘ ਰਾਮਪੁਰਾ ਨੇ ਸ਼ਾਮ ਲਾਲ ਵੱਲੋਂ ਦਿੱਲੀ ਦੇ ਇਤਿਹਾਸਕ ਕਿਸਾਨ ਘੋਲ ਅਤੇ ਕਿਰਨਜੀਤ ਕੌਰ ਮਹਿਲਕਲਾਂ ਬਲਾਤਕਾਰ ਅਤੇ ਕਤਲ ਵਿਰੋਧੀ ਘੋਲ ਵਿੱਚ ਨਿਭਾਈ ਸਰਗਰਮ ਭੂਮਿਕਾ ਨੂੰ ਸਲਾਹਿਆ। ਇਨਕਲਾਬੀ ਕੇਂਦਰ ਪੰਜਾਬ ਦੇ ਸੂਬਾ ਪ੍ਰਧਾਨ ਸਾਥੀ ਨਰਾਇਣ ਦੱਤ ਨੇ ਸ਼ਾਮ ਲਾਲ ਦੇ ਵਿਛੋੜੇ ਨੂੰ ਪ੍ਰੀਵਾਰ ਅਤੇ ਸਮਾਜ ਲਈ ਵੱਡਾ ਘਾਟਾ ਦੱਸਦਿਆਂ ਉਨ੍ਹਾਂ ਦੀ ਮੌਤ ਨੂੰ 'ਪਰਬਤੋਂ ਭਾਰੀ ਮੌਤ' ਦੱਸਿਆ ਅਤੇ ਜਨਤਕ ਸੰਘਰਸ਼ਾਂ ਰਾਹੀਂ ਨਵਾਂ ਬਰਾਬਰਤਾ ਵਾਲਾ ਸਮਾਜ ਸਿਰਜਣ ਲਈ ਚੱਲ ਰਹੀ ਜੱਦੋਜਹਿਦ ਨੂੰ ਮਜ਼ਬੂਤ ਕਰਨ ਦੀ ਲੋੜ ਤੇ ਜ਼ੋਰ ਦਿੱਤਾ।

ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਪ੍ਰੈਸ ਸਕੱਤਰ ਇੰਦਰਪਾਲ ਸਿੰਘ ਨੇ ਕਿਹਾ ਕਿ ਮੌਜੂਦਾ ਸਮੇਂ ਜਦੋਂ ਕਾਰਪੋਰੇਟ ਘਰਾਣਿਆਂ ਦੇ ਹਮਲਿਆਂ ਖ਼ਿਲਾਫ਼ ਜਨਤਕ ਘੋਲ ਤੇਜੀ ਫੜ ਰਹੇ ਹਨ ਤਾਂ ਸ਼ਾਮ ਲਾਲ ਵਰਗੇ ਆਗੂਆਂ ਦੀ ਕਿਸਾਨ ਲਹਿਰ ਨੂੰ ਸਖ਼ਤ ਲੋੜ ਹੈ। ਸ਼ਰਧਾਂਜਲੀ ਸਮਾਗਮ ਵਿੱਚ ਹੋਰ ਆਗੂਆਂ ਤੋਂ ਇਲਾਵਾ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਕਮੇਟੀ ਮੈਂਬਰ ਅੰਗਰੇਜ਼ ਸਿੰਘ ਭਦੌੜ, ਮੱਖਣ ਸਿੰਘ ਭੈਣੀ ਬਾਘਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਮਹਿੰਦਰ ਸਿੰਘ ਭੈਣੀ ਬਾਘਾ, ਪੱਤਰਕਾਰ ਮਨਿੰਦਰਜੀਤ ਸਿੱਧੂ, ਲਖਵੀਰ ਸਿੰਘ ਆਕਲੀਆ ਅਤੇ ਜੁਗਰਾਜ ਸਿੰਘ ਹਰਦਾਸਪੁਰਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਿਸਾਨ ਮਜ਼ਦੂਰ ਅਤੇ ਇਨਕਲਾਬੀ ਜਥੇਬੰਦੀਆਂ ਦੇ ਆਗੂ ਹਾਜ਼ਰ ਸਨ।




# ਗੈਂਗਸਟਰਾਂ 'ਤੇ ਵਾਰ ਦਾ 74ਵਾਂ ਦਿਨ: ਪੰਜਾਬ ਪੁਲਿਸ ਨੇ 551 ਥਾਈਂ ਕੀਤੀ ਛਾਪੇਮਾਰੀ: 245 ਗ੍ਰਿਫ਼ਤਾਰ

**ਚੰਡੀਗੜ੍ਹ**
**ਸਾਂਝੀ ਸੋਚ ਬਿਊਰੋ**



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਹੇਠ ਸ਼ੁਰੂ ਕੀਤੀ ਗਈ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 74ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 551 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜਿਸਦੀ ਸ਼ੁਰੂਆਤ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਕੀਤੀ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲ੍ਹਿਆਂ ਦੀਆਂ ਪੁਲਿਸ ਟੀਮਾਂ ਰਾਜ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ। 74ਵੇਂ ਦਿਨ, ਪੁਲਿਸ ਟੀਮਾਂ ਨੇ ਚਾਰ ਹਥਿਆਰ ਬਰਾਮਦ ਕਰਨ ਤੋਂ ਬਾਅਦ 245 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ ਗ੍ਰਿਫ਼ਤਾਰੀਆਂ ਗਿਣਤੀ 18,975 ਹੋ ਗਈ ਹੈ। ਇਸ ਤੋਂ ਇਲਾਵਾ 69 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 72 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ ਤਿੰਨ ਭਗੌੜੇ ਅਪਰਾਧੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਲੋਕ ਐਂਟੀ ਗੈਂਗਸਟਰ ਹੈਲਪਲਾਈਨ ਨੰਬਰ 93946-93946 ਰਾਹੀਂ ਗੁਪਤ ਰੂਪ ਵਿੱਚ ਲੋੜੀਂਦੇ ਅਪਰਾਧੀਆਂ ਅਤੇ ਗੈਂਗਸਟਰਾਂ ਬਾਰੇ ਜਾਣਕਾਰੀ ਦੇ ਸਕਦੇ ਹਨ ਅਤੇ ਅਪਰਾਧ ਅਤੇ ਅਪਰਾਧਿਕ ਗਤੀਵਿਧੀਆਂ ਬਾਰੇ ਸੂਹ ਵੀ ਦੇ ਸਕਦੇ ਹਨ। ਇਸ ਦੌਰਾਨ ਪੁਲਿਸ ਟੀਮਾਂ ਨੇ ਨਸ਼ਿਆਂ ਵਿਰੁੱਧ ਆਪਣੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' 399ਵੇਂ ਦਿਨ ਅੱਜ 118 ਨਸ਼ੇ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3.7 ਕਿਲੋਗ੍ਰਾਮ ਹੈਰੋਇਨ, 3.7 ਕਿਲੋਗ੍ਰਾਮ ਗਾਂਜਾ, 934 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 7120 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ। ਇਸ ਨਾਲ ਸਿਰਫ 399 ਦਿਨਾਂ ਵਿੱਚ ਗ੍ਰਿਫਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 57,015 ਹੋ ਗਈ ਹੈ। ਨਸ਼ਾ ਛੁਡਾਊ ਮੁਹਿੰਮ ਦੇ ਹਿੱਸੇ ਵਜੋਂ, ਪੰਜਾਬ ਪੁਲਿਸ ਨੇ ਅੱਜ 30 ਵਿਅਕਤੀਆਂ ਨੂੰ ਨਸ਼ਾ ਛੁਡਾਊ ਅਤੇ ਮੁੜ ਵਸੇਬਾ ਇਲਾਜ ਕਰਵਾਉਣ ਲਈ ਰਾਜ਼ੀ ਕੀਤਾ ਹੈ।

ਜਿੱਥੇ ਡੁੱਲ੍ਹਦਾ ਖੂਨ ਸ਼ਹੀਦਾਂ ਦਾ, ਉੱਥੇ ਉੱਗਦਾ ਰੁੱਖ ਆਜ਼ਾਦੀ ਦਾ।
ਸਦੀਆਂ ਤੀਕ ਦੁਨੀਆਂ ਯਾਦ ਰੱਖੂ, ਸਾਕਾ ਜ਼ਾਲਮ ਦੀ ਬਰਬਾਦੀ ਦਾ।

# ਇੰਡੋ ਅਮੈਰਿਕਨ ਹੈਰੀਟੇਜ ਫੋਰਮ, ਫਰਿਜ਼ਨੋ

ਵਲੋਂ ਭਾਰਤ ਦੀ ਆਜ਼ਾਦੀ ਦੇ ਸੰਗਰਾਮ ਵਿਚ ਹਿੱਕਾਂ ਡਾਹ ਕੇ ਅਥਾਹ ਕੁਰਬਾਨੀਆਂ ਕਰਨ ਵਾਲੇ ਬਹਾਦਰ ਯੋਧਿਆਂ ਅਤੇ ਸਮੁੱਚੀ ਗ਼ਦਰ ਪਾਰਟੀ ਨੂੰ ਸਮਰਪਿਤ

# 24ਵਾਂ 'ਮੇਲਾ ਗ਼ਦਰੀ ਬਾਬਿਆਂ ਦਾ'


ਕਰਤਾਰ ਸਿੰਘ ਸਰਾਭਾ


ਬਾਬਾ ਜਵਾਲਾ ਸਿੰਘ


ਬਾਬਾ ਵਿਸਾਖਾ ਸਿੰਘ


ਬਾਬਾ ਸੋਹਣ ਸਿੰਘ ਭਕਨਾ


ਗਦਰੀ ਸੰਤੋਖ ਸਿੰਘ ਧਰਦਿਓ

## 12 ਅਪ੍ਰੈਲ 2026, ਦਿਨ ਐਤਵਾਰ, ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ

**Central High School, East Campus Performing Art Center 3535 N. Cornelia Ave, Fresno, CA 93722**

## ਵਿਖੇ ਸਮੂਹ ਭਾਈਚਾਰੇ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।

ਪਹੁੰਚ ਰਹੇ ਗਾਇਕ ਕਲਾਕਾਰ


ਲਾਲੀ ਤੱਖਰ


ਰਾਜ ਬਰਾੜ

ਮੰਚ ਸੰਚਾਲਨ


ਆਸ਼ਾ ਸ਼ਰਮਾ

ਹੋਰ ਪ੍ਰੋਗਰਾਮ:
ਗੀਤ, ਕਵਿਤਾਵਾਂ, ਭਾਸ਼ਨ, ਗਿੱਧਾ ਤੇ ਭੰਗੜਾ

**4.0 ਗਰੇਡ ਵਾਲੇ ਵਿਦਿਆਰਥੀਆਂ ਦਾ ਸਨਮਾਨ**
ਵਿਦਿਆਰਥੀਆਂ ਦਾ ਨਾਮ ਰਜਿਸਟਰ ਕਰਨ ਲਈ ਵਿਦਿਆਰਥੀ ਦਾ ਨਾਮ, ਸੰਪਰਕ ਫੋਨ ਨੰਬਰ ਅਤੇ ਸਕੂਲ ਗਰੇਡ ਸ਼ੀਟ ਜਾਂ ਰਿਪੋਰਟ ਕਾਰਡ ਦੀ ਕਾਪੀ ਈਮੇਲ ਐਂਡਰੈੱਸ IAHForum@gmail.com ਤੇ ਭੇਜਣੀ ਜ਼ਰੂਰੀ ਹੋਵੇਗੀ।
ਸੰਪਰਕ: ਸ਼ਰਨਜੀਤ ਧਾਲੀਵਾਲ (559) 974-8383

**Chief Guest & Speaker**
ਮੁੱਖ ਮਹਿਮਾਨ ਅਤੇ ਬੁਲਾਰਾ


Social Activist
**Dr. Swaiman Singh**

**ਚਾਹ ਪਾਣੀ ਤੇ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ**

ਆਓ ਸਾਰੇ ਪਰਿਵਾਰਾਂ ਸਮੇਤ ਰਲ ਮਿਲ ਕੇ ਦੇਸ਼ ਕੌਮ ਲਈ ਜਾਨਾਂ ਵਾਰਨ ਅਤੇ ਅੱਤ ਦਾ ਤਸ਼ੱਦਦ ਝੱਲਣ ਵਾਲੇ ਯੋਧਿਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰੀਏ।

ਦੇਸ਼ ਲਈ ਕੁਰਬਾਨੀ ਕਰਨ ਵਾਲੇ ਮਹਾਨ ਸ਼ਹੀਦਾਂ ਤੇ ਗਦਰੀ ਬਾਬਿਆਂ ਦੀ ਫੋਟੋ ਪ੍ਰਦਰਸ਼ਨੀ ਲਗਾਈ ਜਾਵੇਗੀ।

**ਬੱਚਿਆਂ ਦੇ ਡਰਾਇੰਗ ਮੁਕਾਬਲੇ ਕਰਵਾਏ ਜਾਣਗੇ**

4.0 ਵਾਲੇ ਵਿਦਿਆਰਥੀ ਅਤੇ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲੈਣ ਦੇ ਚਾਹਵਾਨ ਫੋਰਮ ਦੀ ਈਮੇਲ iahforum@gmail.com ਤੇ ਆਪਣੀ ਜਾਣਕਾਰੀ ਭੇਜ ਕੇ ਆਪਣਾ ਨਾਮ ਰਜਿਸਟਰ ਕਰਵਾ ਸਕਦੇ ਹਨ

**ਜੀ.ਐੱਚ.ਜੀ ਡਾਂਸ ਅਤੇ ਸੰਗੀਤ ਅਕੈਡਮੀ ਦੀਆਂ ਟੀਮਾਂ ਵਲੋਂ ਗਿੱਧਾ ਤੇ ਭੰਗੜਾ ਪੇਸ਼ ਕੀਤਾ ਜਾਵੇਗਾ**

**ਮੇਲਾ ਕਮੇਟੀ**


ਨਵਦੀਪ ਸਿੰਘ ਧਾਲੀਵਾਲ, ਸੁਰਿੰਦਰ ਸਿੰਘ ਬਦੇਸ਼ਾ, ਮਹਿੰਦਰ ਸਿੰਘ ਵਾਹ, ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਗਿੱਲ, ਬੂਟਾ ਸਿੰਘ ਸਹੋਤਾ, ਪਰਗਟ ਸਿੰਘ ਧਾਲੀਵਾਲ, ਹਰਜਿੰਦਰ ਸਿੰਘ ਢੇਸੀ, ਸ਼ਰਨਜੀਤ ਕੌਰ ਧਾਲੀਵਾਲ, ਪਰਮਜੀਤ ਸਿੰਘ ਢਿੱਲੋਂ, ਗੁਰਮੀਤ ਸਿੰਘ ਗਿੱਲ, ਦਲਜੀਤ ਸਿੰਘ ਰਿਆੜ, ਗੁਰਮੀਤ ਸਿੰਘ ਗਾਜੀਆਣਾ, ਇੰਦਰਜੀਤ ਚੋਗਾਵਾਂ, ਤਾਰਾ ਸਿੰਘ ਸੰਧੂ, ਭੁਪਿੰਦਰ ਕੌਰ ਬਦੇਸ਼ਾ, ਬਲਵੀਰ ਕੌਰ ਧਾਲੀਵਾਲ, ਹਰਿੰਦਰ ਕੌਰ, ਰਵਿੰਦਰ ਕੌਰ ਵਾਹ, ਬਲਵਿੰਦਰ ਕੌਰ ਧਾਲੀਵਾਲ, ਪ੍ਰੀਤ ਕੌਰ ਗਿੱਲ, ਦਰਸ਼ਨ ਕੌਰ ਗਿੱਲ, ਪਰਮਜੀਤ ਕੌਰ ਗਿੱਲ, ਸੁਖਜਿੰਦਰ ਕੌਰ ਢਿੱਲੋਂ, ਮਨੁਵੀਰ ਕੌਰ ਧਾਲੀਵਾਲ, ਕਿਰਨਜੀਤ ਕੌਰ ਧਾਲੀਵਾਲ, ਟਹਿਲ ਸਿੰਘ ਢੇਸੀ, ਤਲਵਿੰਦਰ ਸਿੰਘ ਜੌਹਲ, ਜੋਗਾ ਸਿੰਘ ਬਦੇਸ਼ਾ, ਸੁਰਿੰਦਰ ਸਿੰਘ ਬਿੰਦ, ਡਾ. ਮਲਕੀਤ ਸਿੰਘ ਕਿੰਗਰਾ, ਪ੍ਰਿੰਸੀਪਲ ਬਲਵਿੰਦਰ ਸਿੰਘ, ਹਰਮਨ ਸਿੰਘ ਗਿੱਲ, ਦਲਜੀਤ ਸਿੰਘ ਗਰੇਵਾਲ, ਡਾ. ਅਰਜਨ ਸਿੰਘ ਜੋਸਨ, ਗੁਰਪ੍ਰੀਤ ਸਿੰਘ ਖਾਨਖਾਨਾ, ਉਦੇਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਧਾਲੀਵਾਲ, ਗੁਰਨਾਮ ਸਿੰਘ ਬਿੰਜਲ, ਮਾਸਟਰ ਸ਼ਮਸ਼ੇਰ ਸਿੰਘ, ਰਾਜ ਮੋਗਾ, ਜਗਰੂਪ ਸਿੰਘ ਧਾਲੀਵਾਲ, ਹਰਨੇਕ ਸਿੰਘ ਲੋਹਗੜ, ਸੁੱਖੀ ਹੇਅਰ, ਬਲਵਿੰਦਰ ਸਿੰਘ ਮੰਡੇਰ, ਅਮੋਲਕ ਸਿੰਘ ਸਿੱਧੂ, ਮੇਜਰ ਸਿੰਘ ਸੇਖੋਂ, ਸੁਖਪਾਲ ਸਿੰਘ ਧਾਲੀਵਾਲ, ਜਸਪਾਲ ਸਿੰਘ ਧਾਲੀਵਾਲ, ਮਨਵੀਰ ਸਿੰਘ ਭੁੱਲਰ, ਗੁਰਬਖਸ਼ ਸਿੰਘ ਸਿੱਧੂ, ਸ਼ੇਰ ਸਿੰਘ ਘਣਗੱਸ, ਗੈਰੀ ਢੇਸੀ, ਦਵਿੰਦਰ ਸਿੰਘ ਗਰੇਵਾਲ, ਬਹਾਦਰ ਸਿੰਘ ਭੰਗਲ, ਕਮਲਜੀਤ ਕੌਰ ਭੰਗਲ, ਪਵਿੰਦਰਜੀਤ ਸਿੰਘ ਮਾਨ, ਇੰਦਰਜੀਤ ਸਿੰਘ ਬਰਾੜ, ਰਾਜ ਅਲੀ, ਅੰਗਰੇਜ਼ ਸਿੰਘ।

**ਸੂਪਰਸਤ: ਜਸਵੰਤ ਸਿੰਘ ਮਾਨ, ਕਰਮ ਸਿੰਘ ਮਾਨ**

ਵਿਸ਼ੇਸ਼ ਧੰਨਵਾਦ:
ਰੇਡੀਓ 900 ਏ.ਐੱਮ. ਦੇ ਸਾਰੇ ਪੰਜਾਬੀ ਹੋਸਟ, ਪੰਜਾਬੀ ਰੇਡੀਓ ਯੂ.ਐੱਸ.ਏ., ਰੇਡੀਓ 620 ਏ.ਐੱਮ ਰੇਡੀਓ ਐਫ.ਐੱਮ 94.3, ਸਾਰੇ ਪੰਜਾਬੀ ਅਖਬਾਰ, ਜੀ.ਐੱਚ. ਜੀ ਸੰਗੀਤ ਐਂਡ ਡਾਂਸ ਅਕੈਡਮੀ।

**ਹੋਰ ਜਾਣਕਾਰੀ ਲਈ ਸੰਪਰਕ**

ਨਵਦੀਪ ਸਿੰਘ ਧਾਲੀਵਾਲ ਪ੍ਰਧਾਨ ................(559) 287-0822
ਹਰਜਿੰਦਰ ਸਿੰਘ ਢੇਸੀ ਸੈਕਟਰੀ ................(559) 618-0156
ਗੁਰਮੀਤ ਸਿੰਘ ਗਿੱਲ ................(805) 215-0681
ਗੁਰਮੀਤ ਸਿੰਘ ਗਾਜੀਆਣਾ ................(559) 801-8200


Pal Films Production
All Your Photo/Videography & Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com


SIKH GURDWARA - SAN JOSE
Sikh Gurdwara San Jose
ਵਿਸਾਖੀ ਸਮਾਗਮ – 11 ਅਪ੍ਰੈਲ ਤੋਂ 14 ਅਪ੍ਰੈਲ 2026
ਸ਼ਨੀਵਾਰ, 11 ਅਪ੍ਰੈਲ
– ਅੰਮ੍ਰਿਤ ਸੰਚਾਰ –
ਸਵੇਰੇ 9:00 ਵਜੇ
ਕਕਾਰ ਪ੍ਰਦਾਨ ਕੀਤੇ ਜਾਣਗੇ
ਕਿਰਪਾ ਕਰਕੇ ਪੂਰੇ ਕੇਸ਼ੀ ਇਸ਼ਨਾਨ ਨਾਲ ਆਓ
ਐਤਵਾਰ, 12 ਅਪ੍ਰੈਲ
– Annual Khalsa Kids Day –
ਸਵੇਰੇ 10:00 – ਦੁਪਹਿਰ 2:00 ਵਜੇ
(ਉਮਰ 3–19)
ਲੰਗਰ ਹਾਲ 'ਚ ਮਨਾਇਆ ਜਾਵੇਗਾ
ਗਤੀਵਿਧੀਆਂ :
ਸਿੱਖ ਕਲਾ | ਕੀਰਤਨ | ਫੋਟੋ ਬੂਥ | ਸਟੇਜ ਪ੍ਰਦਰਸ਼ਨ | ਦਸਤਾਰ ਸਜਾਉਣਾ ਤੇ ਹੋਰ ਬਹੁਤ ਕੁਝ
ਮੰਗਲਵਾਰ, 14 ਅਪ੍ਰੈਲ (ਵਿਸਾਖੀ)
ਚੜ੍ਹਦੀ ਕਲਾ ਜਥੇ ਵੱਲੋਂ ਗੁਰਬਾਣੀ ਕੀਰਤਨ
11 ਅਪ੍ਰੈਲ (ਸ਼ਨੀਵਾਰ)
ਸ਼ਾਮ
6:10 ਵਜੇ ਤੋਂ 7:10 ਵਜੇ ਤੱਕ
12 ਅਪ੍ਰੈਲ (ਐਤਵਾਰ)
ਦੁਪਹਿਰ
12:30 ਵਜੇ ਤੋਂ 1:30 ਵਜੇ ਤੱਕ
13 ਅਪ੍ਰੈਲ (ਸੋਮਵਾਰ)
ਸ਼ਾਮ
7:30 ਵਜੇ ਤੋਂ 8:30 ਵਜੇ ਤੱਕ
14 ਅਪ੍ਰੈਲ (ਮੰਗਲਵਾਰ)
ਆਸਾ ਕੀ ਵਾਰ ਕੀਰਤਨ
ਸ਼ਾਮ 7:30 ਵਜੇ ਤੋਂ 8:30 ਵਜੇ ਤੱਕ
ਸਮੂਹ ਸੰਗਤ ਨੂੰ ਨਿਮਰ ਬੇਨਤੀ ਹੈ ਕਿ ਵਿਸਾਖੀ ਦੇ ਪਾਵਨ ਦਿਹਾੜੇ ਮੌਕੇ
ਕੀਰਤਨ, ਗੁਰਮਤਿ ਵਿਚਾਰ ਤੇ ਹੋਰ ਸਮਾਗਮਾਂ 'ਚ ਸ਼ਾਮਲ ਹੋ ਕੇ ਗੁਰੂ ਸਾਹਿਬ ਦੀਆਂ ਖੁਸ਼ੀਆਂ ਦਾ ਹਿੱਸਾ ਬਣੋ।
ਪਤਾ: 3636 Gurudwara Avenue, San Jose, California 95148 | ਸੰਪਰਕ: (408) 274-937

# ਰਾਘਵ ਚੱਢਾ ਦੱਸਣ, ਜਨਹਿਤ ਦੇ ਮੁੱਦਿਆਂ 'ਤੇ ਉਹ ਮੋਦੀ ਸਰਕਾਰ ਵਿਰੁੱਧ ਬੋਲਣ ਤੋਂ ਕਿਉਂ ਡਰ ਰਹੇ ਹਨ?- 'ਆਪ'

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ ਨੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਉਪ-ਨੇਤਾ ਦੇ ਅਹੁਦੇ ਤੋਂ ਹਟਾਉਣ ਨੂੰ ਇੱਕ ਆਮ ਕਾਰਵਾਈ ਦੱਸਦਿਆਂ ਉਨ੍ਹਾਂ ਦੇ ਬਿਆਨ 'ਤੇ ਪਲਟਵਾਰ ਕੀਤਾ ਹੈ। ਪਾਰਟੀ ਨੇ ਰਾਘਵ ਚੱਢਾ ਨੂੰ ਪੁੱਛਿਆ ਹੈ ਕਿ ਉਹ ਦੇਸ਼ ਅਤੇ ਪਾਰਟੀ ਨਾਲ ਜੁੜੇ ਮੁੱਦਿਆਂ 'ਤੇ ਭਾਜਪਾ ਜਾਂ ਮੋਦੀ ਸਰਕਾਰ ਵਿਰੁੱਧ ਬੋਲਣ ਤੋਂ ਕਿਉਂ ਡਰ ਰਹੇ ਹਨ? ਉਹ ਲਗਾਤਾਰ ਪਾਰਟੀ ਲਾਈਨ ਦੇ ਖਿਲਾਫ ਕੰਮ ਕਰ ਰਹੇ ਸਨ। ਮੁੱਖ ਚੋਣ ਕਮਿਸ਼ਨਰ ਵਿਰੁੱਧ ਮਹਾਂਦੋਸ਼ ਦੇ ਪ੍ਰਸਤਾਵ 'ਤੇ ਹਸਤਾਖਰ ਕਰਨ ਤੋਂ ਇਨਕਾਰ ਕਰਨ ਅਤੇ ਐਲਪੀਜੀ ਸੰਕਟ 'ਤੇ ਸਦਨ ਵਿੱਚ ਬੋਲਣ ਤੋਂ ਇਨਕਾਰ ਕਰਨ ਸਮੇਤ ਕਈ ਵਾਰ ਰਾਘਵ ਚੱਢਾ ਨੇ ਪਾਰਟੀ ਵ੍ਹਿਪ ਦੀ ਉਲੰਘਣਾ ਕੀਤੀ। ਲੰਬੇ ਸਮੇਂ ਤੋਂ ਰਾਘਵ ਚੱਢਾ ਨੇ ਸੰਸਦ ਵਿੱਚ ਅਜਿਹਾ ਕੋਈ ਮੁੱਦਾ ਨਹੀਂ ਉਠਾਇਆ ਜਿਸ ਵਿੱਚ ਉਨ੍ਹਾਂ ਨੇ ਮੋਦੀ ਸਰਕਾਰ ਤੋਂ ਸਵਾਲ ਪੁੱਛੇ ਹੋਣ। ਪਾਰਟੀ ਦਾ ਕਹਿਣਾ ਹੈ ਕਿ ਕੇਜਰੀਵਾਲ ਨੇ ਸਭ ਨੂੰ ਨਿਡਰਤਾ ਅਤੇ ਹਿੰਮਤ ਨਾਲ ਲੜਨਾ ਸਿਖਾਇਆ ਹੈ, ਪਰ ਰਾਘਵ ਚੱਢਾ ਭਾਜਪਾ ਅਤੇ ਮੋਦੀ ਸਰਕਾਰ ਤੋਂ ਸਵਾਲ ਕਰਨ ਤੋਂ ਡਰ ਰਹੇ ਹਨ। ਅਜਿਹੀ ਡਰ ਦੀ ਰਾਜਨੀਤੀ ਕਿਵੇਂ ਚੱਲੇਗੀ?

ਭਗਵੰਤ ਸਿੰਘ ਮਾਨ ਨੇ ਰਾਘਵ ਚੱਢਾ ਦੇ ਮੁੱਦੇ 'ਤੇ ਕਿਹਾ ਕਿ ਇਹ ਪਾਰਟੀ ਦਾ ਫੈਸਲਾ ਹੈ। ਪਾਰਟੀਆਂ ਅਜਿਹੇ ਫੈਸਲੇ ਲੈਂਦੀਆਂ ਰਹਿੰਦੀਆਂ ਹਨ ਅਤੇ ਸੰਸਦ ਵਿੱਚ ਆਪਣੇ ਨੇਤਾ ਅਤੇ ਉਪ-ਨੇਤਾ ਬਦਲਦੀਆਂ ਰਹਿੰਦੀਆਂ ਹਨ। ਜਦੋਂ ਮੈਂ ਪਹਿਲੀ ਵਾਰ ਚੋਣ ਜਿੱਤੀ ਸੀ, ਉਸ ਸਮੇਂ ਪਾਰਟੀ ਨੇ ਡਾ. ਗਾਂਧੀ ਨੂੰ ਨੇਤਾ ਬਣਾਇਆ ਸੀ। ਕੁਝ ਸਮੇਂ ਬਾਅਦ ਮੈਂ ਵੀ ਪਾਰਲੀਮੈਂਟ ਬੋਰਡ ਦਾ ਨੇਤਾ ਬਣਿਆ। ਇਹ ਪਾਰਟੀ ਦਾ ਫੈਸਲਾ ਹੈ ਅਤੇ ਅਜਿਹੇ ਛੋਟੇ-ਛੋਟੇ ਫੈਸਲੇ ਹੁੰਦੇ ਰਹਿੰਦੇ ਹਨ। ਕਈ ਵਾਰ ਲੋਕ ਸਭਾ ਅਤੇ ਰਾਜ ਸਭਾ ਵਿੱਚ ਸਾਰੀਆਂ ਵਿਰੋਧੀ ਪਾਰਟੀਆਂ ਨੂੰ ਇਕਮਤ ਹੋ ਕੇ ਫੈਸਲਾ ਲੈਣਾ ਪੈਂਦਾ ਹੈ, ਜਿਵੇਂ ਕਿ ਸਦਨ ਤੋਂ ਵਾਕਆਊਟ ਕਰਨਾ ਜਾਂ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਨਾ। ਜੇਕਰ ਕੋਈ ਵਿਅਕਤੀ ਇਹਨਾਂ ਸਮੂਹਿਕ ਫੈਸਲਿਆਂ ਦਾ ਸਮਰਥਨ ਨਹੀਂ ਕਰਦਾ ਅਤੇ ਪਾਰਟੀ ਲਾਈਨ ਦੇ ਉਲਟ ਜਾਂਦਾ ਹੈ, ਤਾਂ ਉਹ ਪਾਰਟੀ ਵ੍ਹਿਪ ਦੇ ਖਿਲਾਫ ਹੈ। ਜੋ ਵੀ ਪਾਰਟੀ ਵ੍ਹਿਪ ਦੇ ਖਿਲਾਫ ਜਾਵੇਗਾ, ਉਸ 'ਤੇ ਕਾਰਵਾਈ ਹੋਵੇਗੀ।

'ਆਪ' ਦੇ ਸੀਨੀਅਰ ਆਗੂ ਅਤੇ ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਅਸੀਂ ਅਰਵਿੰਦ ਕੇਜਰੀਵਾਲ ਦੇ ਸੱਚੇ ਸਿਪਾਹੀ ਹਾਂ ਅਤੇ ਅਸੀਂ ਅਰਵਿੰਦ ਕੇਜਰੀਵਾਲ ਤੋਂ ਇੱਕੋ ਗੱਲ ਸਿੱਖੀ ਹੈ ਨਿਡਰਤਾ, ਹਿੰਮਤ ਅਤੇ ਸਾਹਸ ਨਾਲ ਲੜਨਾ ਅਤੇ ਸੰਘਰਸ਼ ਕਰਨਾ। ਪਰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਦੇਸ਼ ਦੇ ਕਈ ਮੁੱਦਿਆਂ 'ਤੇ ਜਦੋਂ ਮੁੱਖ ਚੋਣ ਕਮਿਸ਼ਨਰ ਵਿਰੁੱਧ ਪ੍ਰਸਤਾਵ ਆਉਂਦਾ ਹੈ, ਤਾਂ ਰਾਘਵ ਚੱਢਾ ਉਸ 'ਤੇ ਹਸਤਾਖਰ ਨਹੀਂ ਕਰਦੇ। ਪੱਛਮੀ ਬੰਗਾਲ ਵਿੱਚ ਲੋਕਾਂ ਦੇ ਵੋਟ ਪਾਉਣ ਦੇ ਅਧਿਕਾਰ ਖੋਹੇ ਜਾ ਰਹੇ ਹਨ। ਦਿੱਲੀ ਵਿੱਚ ਅਸੀਂ ਦੇਖਿਆ ਕਿ ਚੋਣ ਕਮਿਸ਼ਨ ਦੀ ਦੁਰਵਰਤੋਂ ਕਿਵੇਂ ਹੋਈ। ਜਦੋਂ ਪੰਜਾਬ ਦਾ ਮੁੱਦਾ ਹੁੰਦਾ ਹੈ, ਤਾਂ ਉਹ ਉਸ ਸਮੇਂ ਖਾਮੋਸ਼ ਰਹਿੰਦੇ ਹਨ, ਕੁਝ ਨਹੀਂ ਬੋਲਦੇ। ਉਹ ਪ੍ਰਧਾਨ ਮੰਤਰੀ ਮੋਦੀ ਖਿਲਾਫ ਆਵਾਜ਼ ਨਹੀਂ ਉਠਾਉਂਦੇ।

ਸੰਜੇ ਸਿੰਘ ਨੇ ਅੱਗੇ ਕਿਹਾ ਕਿ ਜਨਹਿਤ ਨਾਲ ਜੁੜੇ ਮੁੱਦੇ, ਜੋ ਦੇਸ਼, ਆਮ ਆਦਮੀ ਪਾਰਟੀ ਅਤੇ ਪਾਰਟੀ ਵਰਕਰਾਂ ਨਾਲ ਜੁੜੇ ਹੋਏ ਹਨ, ਉਨ੍ਹਾਂ 'ਤੇ ਰਾਘਵ ਚੱਢਾ ਚੁੱਪ ਰਹਿੰਦੇ ਹਨ। ਗੁਜਰਾਤ ਵਿੱਚ 'ਆਪ' ਵਰਕਰਾਂ ਦੀ ਕੁੱਟਮਾਰ ਕੀਤੀ ਜਾਂਦੀ ਹੈ, ਉਹ ਉਸ 'ਤੇ ਨਹੀਂ ਬੋਲਦੇ। ਮੋਦੀ ਸਰਕਾਰ ਪੰਜਾਬ ਦੇ ਤਮਾਮ ਅਧਿਕਾਰ ਖੋਹਣ ਦਾ ਕੰਮ ਕਰਦੀ ਹੈ, ਉਸ 'ਤੇ ਵੀ ਉਹ ਕੁਝ ਨਹੀਂ ਬੋਲਦੇ। ਜਦੋਂ ਬਹੁਤ ਸਾਰੇ ਮੁੱਦਿਆਂ 'ਤੇ ਸਦਨ ਤੋਂ ਵਾਕਆਊਟ ਕਰਨ ਦੀ ਗੱਲ ਆਉਂਦੀ ਹੈ, ਤਾਂ ਉਹ ਵਾਕਆਊਟ ਨਹੀਂ ਕਰਦੇ। ਇਹ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦਾ ਜਵਾਬ ਦੇਸ਼ ਅਤੇ ਜਨਤਾ ਰਾਘਵ ਚੱਢਾ ਤੋਂ ਚਾਹੁੰਦੀ ਹੈ।

ਆਮ ਆਦਮੀ ਪਾਰਟੀ ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਨੇ ਰਾਘਵ ਚੱਢਾ ਨੂੰ ਕਿਹਾ ਕਿ ਅਸੀਂ ਸਾਰੇ ਅਰਵਿੰਦ ਕੇਜਰੀਵਾਲ ਦੇ ਸਿਪਾਹੀ ਹਾਂ ਅਤੇ ਅਸੀਂ ਇੱਕੋ ਗੱਲ ਸਿੱਖੀ ਹੈ ਕਿ "ਜੋ ਡਰ ਗਿਆ, ਸਮਝੋ ਮਰ ਗਿਆ।" ਅਸੀਂ ਸਾਰਿਆਂ ਨੇ ਸਰਕਾਰ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜਨਤਾ ਦੇ ਮੁੱਦੇ ਚੁੱਕਣੇ ਸੀ। ਪਿਛਲੇ ਕੁਝ ਦਿਨਾਂ ਵਿੱਚ ਅਸੀਂ ਦੇਖਿਆ ਹੈ ਕਿ ਜੋ ਵੀ ਵਿਅਕਤੀ ਸਰਕਾਰ ਵਿਰੁੱਧ ਗੰਭੀਰ ਮੁੱਦੇ ਚੁੱਕਦਾ ਹੈ, ਸਰਕਾਰ ਤੋਂ ਸਵਾਲ ਪੁੱਛਦਾ ਹੈ ਅਤੇ ਲੋਕਾਂ ਦੀ ਗੱਲ ਕਰਦਾ ਹੈ, ਸਰਕਾਰ ਇੱਕ ਤਾਨਾਸ਼ਾਹ ਵਾਂਗ ਉਸਨੂੰ ਸਾਰੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਬੈਨ ਕਰ ਰਹੀ ਹੈ। ਚਾਹੇ ਉਹ ਐਕਸ (ਟਵਿੱਟਰ) ਹੋਵੇ, ਫੇਸਬੁੱਕ ਹੋਵੇ ਜਾਂ ਯੂਟਿਊਬ, ਹਰ ਜਗ੍ਹਾ ਬੈਨ ਕੀਤਾ ਜਾ ਰਿਹਾ ਹੈ। ਐਫਆਈਆਰ ਦਰਜ ਕੀਤੀਆਂ ਜਾ ਰਹੀਆਂ ਹਨ ਅਤੇ ਮੁਕੱਦਮੇ ਚਲਾਏ ਜਾ ਰਹੇ ਹਨ।

ਸੌਰਭ ਭਾਰਦਵਾਜ ਨੇ ਕਿਹਾ ਕਿ ਸਰਕਾਰ ਨੂੰ ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਕੋਈ ਸੰਸਦ ਵਿੱਚ ਆਪਣਾ 'ਸੌਫਟ ਪੀਆਰ' ਕਰੇ।



ਸੰਸਦ ਵਿੱਚ ਇੱਕ ਛੋਟੀ ਜਿਹੀ ਪਾਰਟੀ ਕੋਲ ਬਹੁਤ ਸੀਮਤ ਸਮਾਂ ਹੁੰਦਾ ਹੈ। ਉਸ ਵਿੱਚ ਜੇਕਰ ਕੋਈ ਸਮੋਸਿਆਂ ਦੀ ਗੱਲ ਕਰ ਰਿਹਾ ਹੈ, ਤਾਂ ਉਸ ਤੋਂ ਕਿਤੇ ਜ਼ਿਆਦਾ ਜ਼ਰੂਰੀ ਹੈ ਕਿ ਦੇਸ਼ ਦੇ ਵੱਡੇ ਮੁੱਦਿਆਂ ਨੂੰ ਉਠਾਇਆ ਜਾਵੇ। ਉਨ੍ਹਾਂ ਕਿਹਾ ਕਿ ਪੂਰੇ ਦੇਸ਼ ਦੇ ਹਰ ਸੂਬੇ ਵਿੱਚ ਅਸੀਂ ਦੇਖਿਆ ਹੈ ਕਿ ਚੋਣਾਂ ਤੋਂ ਪਹਿਲਾਂ ਸਹੀ ਲੋਕਾਂ ਦੀਆਂ ਵੋਟਾਂ ਕੱਟੀਆਂ ਜਾਂਦੀਆਂ ਹਨ ਅਤੇ ਜਾਅਲੀ ਵੋਟਾਂ ਬਣਾ ਕੇ ਸਰਕਾਰ ਪੂਰੀ ਬੇਈਮਾਨੀ ਨਾਲ ਸਿਸਟਮ 'ਤੇ ਕਬਜ਼ਾ ਕਰਕੇ ਚੋਣਾਂ ਜਿੱਤ ਰਹੀ ਹੈ। ਪੱਛਮੀ ਬੰਗਾਲ ਵਿੱਚ ਵੀ ਇਹੀ ਹੋ ਰਿਹਾ ਹੈ।

ਸੌਰਭ ਭਾਰਦਵਾਜ ਨੇ ਕਿਹਾ ਕਿ ਹੁਣੇ ਹੀ ਸਾਰੀਆਂ ਵਿਰੋਧੀ ਪਾਰਟੀਆਂ ਮੁੱਖ ਚੋਣ ਕਮਿਸ਼ਨਰ 'ਤੇ ਮਹਾਂਦੋਸ਼ ਚਲਾਉਣ ਲਈ ਪ੍ਰਸਤਾਵ ਲਿਆਉਣਾ ਚਾਹੁੰਦੀਆਂ ਸਨ, ਪਰ ਤੁਸੀਂ (ਰਾਘਵ ਚੱਢਾ) ਉਸ 'ਤੇ ਹਸਤਾਖਰ ਕਰਨ ਤੋਂ ਮਨ੍ਹਾ ਕਰ ਦਿੱਤਾ। ਜਦੋਂ ਵੀ ਅਜਿਹਾ ਕੋਈ ਮੁੱਦਾ ਆਉਂਦਾ ਹੈ ਜਿਸ 'ਤੇ ਵਿਰੋਧੀ ਧਿਰ ਵਾਕਆਊਟ ਕਰਦੀ ਹੈ, ਤਾਂ ਤੁਸੀਂ ਵਾਕਆਊਟ ਨਹੀਂ ਕਰਦੇ। ਪਿਛਲੇ ਕਾਫੀ ਸਮੇਂ ਤੋਂ ਮੈਂ ਦੇਖਿਆ ਹੈ ਕਿ ਤੁਸੀਂ ਸਦਨ ਵਿੱਚ ਅਜਿਹਾ ਕੋਈ ਮੁੱਦਾ ਨਹੀਂ ਉਠਾਇਆ ਜਿਸ ਵਿੱਚ ਪ੍ਰਧਾਨ ਮੰਤਰੀ ਮੋਦੀ ਜਾਂ ਭਾਜਪਾ ਸਰਕਾਰ ਤੋਂ ਕੋਈ ਸਵਾਲ ਪੁੱਛਿਆ ਗਿਆ ਹੋਵੇ। ਅਜਿਹੀ ਡਰ ਦੀ ਰਾਜਨੀਤੀ ਕਿਵੇਂ ਚੱਲੇਗੀ?

ਸੌਰਭ ਭਾਰਦਵਾਜ ਨੇ ਕਿਹਾ ਕਿ ਸਾਨੂੰ ਪੰਜਾਬ ਦੇ ਮੁੱਦੇ ਉਠਾਉਣੇ ਹਨ। ਜਿੱਥੋਂ ਤੁਸੀਂ ਚੁਣ ਕੇ ਆਏ ਹੋ, ਤੁਸੀਂ ਉਹਨਾਂ ਮੁੱਦਿਆਂ ਨੂੰ ਉਠਾਉਣ ਤੋਂ ਵੀ ਘਬਰਾਉਂਦੇ ਹੋ। ਹਾਲ ਹੀ ਵਿੱਚ ਗੁਜਰਾਤ ਵਿੱਚ ਆਮ ਆਦਮੀ ਪਾਰਟੀ ਦੇ ਕਰੀਬ 160 ਵਰਕਰਾਂ 'ਤੇ ਝੂਠੇ ਕੇਸਾਂ ਤਹਿਤ ਐਫਆਈਆਰ ਦਰਜ ਕੀਤੀ ਗਈ, ਕਈ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ, ਪਰ ਤੁਸੀਂ ਉਸ 'ਤੇ ਵੀ ਚੁੱਪ ਰਹੇ। ਆਮ ਆਦਮੀ ਪਾਰਟੀ ਦੇ ਕਈ ਆਗੂ ਜੇਲ੍ਹ ਵਿੱਚ ਸਨ। ਅਰਵਿੰਦ ਕੇਜਰੀਵਾਲ ਨੂੰ ਮੁੱਖ ਮੰਤਰੀ ਵਜੋਂ ਸਰਕਾਰ ਨੇ ਇੱਕ ਝੂਠੇ ਕੇਸ ਵਿੱਚ ਗ੍ਰਿਫਤਾਰ ਕਰ ਲਿਆ, ਉਸ ਸਮੇਂ ਵੀ ਤੁਸੀਂ ਦੇਸ਼ ਵਿੱਚ ਨਹੀਂ ਸੀ ਅਤੇ ਕਿਤੇ ਜਾ ਕੇ ਲੁਕ ਗਏ ਸੀ।

ਸੌਰਭ ਭਾਰਦਵਾਜ ਨੇ ਅੱਗੇ ਕਿਹਾ ਕਿ ਮੇਰਾ ਮੰਨਣਾ ਹੈ ਕਿ ਦੇਸ਼ ਲਈ ਅਸਲੀ ਮੁੱਦੇ ਸਾਨੂੰ ਨਿਡਰਤਾ ਅਤੇ ਹਿੰਮਤ ਨਾਲ ਉਠਾਉਣੇ ਪੈਣਗੇ। ਭਾਜਪਾ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਮੁੱਦੇ ਉਠਾਉਣੇ ਪੈਣਗੇ। ਨਹੀਂ ਤਾਂ ਤੁਹਾਡੇ ਇਹਨਾਂ ਸੌਫਟ ਮੁੱਦਿਆਂ ਨਾਲ ਸਰਕਾਰ ਨੂੰ ਕੋਈ ਫਰਕ ਨਹੀਂ ਪੈਂਦਾ। ਸਗੋਂ ਭਾਜਪਾ ਤਾਂ ਵੀਰਵਾਰ ਤੋਂ ਤੁਹਾਨੂੰ ਸੋਸ਼ਲ ਮੀਡੀਆ 'ਤੇ ਸਪੋਰਟ ਕਰ ਰਹੀ ਹੈ। ਤੁਸੀਂ ਇਸ ਬਾਰੇ ਸੋਚਿਓ ਅਤੇ ਦੇਖਿਓ ਕਿ ਤੁਸੀਂ ਕਿੱਥੋਂ ਚੱਲੇ ਸੀ ਅਤੇ ਕਿੱਥੇ ਆ ਗਏ ਹੋ। ਦੇਸ਼ ਨੂੰ ਕਿਨ੍ਹਾਂ ਚੀਜ਼ਾਂ ਦੀ ਲੋੜ ਹੈ ਅਤੇ ਤੁਸੀਂ ਕਿਵੇਂ ਬਿਹਤਰ ਕਰ ਸਕਦੇ ਹੋ।

ਦੂਜੇ ਪਾਸੇ, ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਨੇਤਾ ਆਤਿਸ਼ੀ ਨੇ ਰਾਘਵ ਚੱਢਾ ਤੋਂ ਸਵਾਲ ਕਰਦਿਆਂ ਕਿਹਾ ਕਿ ਉਹ ਭਾਜਪਾ ਤੋਂ ਇੰਨਾ ਕਿਉਂ ਡਰਦੇ ਹਨ? ਉਹ ਭਾਜਪਾ 'ਤੇ ਸਵਾਲ ਚੁੱਕਣ ਤੋਂ ਕਿਉਂ ਡਰਦੇ ਹਨ? ਉਹ ਮੋਦੀ ਜੀ ਤੋਂ ਸਵਾਲ ਪੁੱਛਣ ਤੋਂ ਕਿਉਂ ਡਰਦੇ ਹਨ? ਅੱਜ ਸਾਡਾ ਦੇਸ਼ ਬਹੁਤ ਵੱਡੇ ਸੰਕਟ ਵਿੱਚੋਂ ਗੁਜ਼ਰ ਰਿਹਾ ਹੈ। ਅੱਜ ਸਾਡੇ ਦੇਸ਼ ਦੇ ਲੋਕਤੰਤਰ ਅਤੇ ਸੰਵਿਧਾਨ 'ਤੇ ਖਤਰਾ ਮੰਡਰਾ ਰਿਹਾ ਹੈ। ਅੱਜ ਸਾਡੀਆਂ ਅੱਖਾਂ ਦੇ ਸਾਹਮਣੇ ਚੋਣ ਕਮਿਸ਼ਨ ਦੀ ਦੁਰਵਰਤੋਂ ਕਰਕੇ ਪੱਛਮੀ ਬੰਗਾਲ ਦੀ ਚੋਣ ਚੋਰੀ ਕੀਤੀ ਜਾ ਰਹੀ ਹੈ, ਪਰ ਉਹ ਉਸ 'ਤੇ ਸਵਾਲ ਨਹੀਂ ਉਠਾ ਰਹੇ। ਉਹ ਉਸ 'ਤੇ ਬੋਲਣ ਤੋਂ ਡਰ ਰਹੇ ਹਨ।

ਆਤਿਸ਼ੀ ਨੇ ਕਿਹਾ ਕਿ ਅਸੀਂ ਸਭ ਨੇ ਦੇਖਿਆ ਹੈ ਕਿ ਕਿਸ ਤਰ੍ਹਾਂ ਦਿੱਲੀ ਵਿੱਚ ਗਲਤ ਤਰੀਕੇ ਨਾਲ ਵੋਟਾਂ ਕੱਟੀਆਂ ਗਈਆਂ। ਭਾਜਪਾ ਵਰਕਰਾਂ ਨੇ ਗਲਤ ਤਰੀਕੇ ਨਾਲ ਵੋਟਾਂ ਬਣਾਈਆਂ ਅਤੇ ਭਾਜਪਾ ਚੋਣ ਚੋਰੀ ਕਰਕੇ ਲੈ ਗਈ। ਅੱਜ ਪੱਛਮੀ ਬੰਗਾਲ ਵਿੱਚ ਵੀ ਇਹੀ ਹੋ ਰਿਹਾ ਹੈ, ਉੱਥੇ ਵੀ ਚੋਣ ਕਮਿਸ਼ਨ ਦੀ ਦੁਰਵਰਤੋਂ ਹੋ ਰਹੀ ਹੈ। ਪਰ ਜਦੋਂ ਤ੍ਰਿਣਮੂਲ ਕਾਂਗਰਸ ਅਤੇ ਸਾਰੀ ਵਿਰੋਧੀ ਧਿਰ ਚੋਣ ਕਮਿਸ਼ਨ ਵਿਰੁੱਧ ਮਹਾਂਦੋਸ਼ ਦਾ ਪ੍ਰਸਤਾਵ ਲੈ ਕੇ ਆਉਂਦੀ ਹੈ, ਤਾਂ ਰਾਘਵ ਚੱਢਾ ਉਸ 'ਤੇ ਹਸਤਾਖਰ ਕਰਨ ਤੋਂ ਮਨ੍ਹਾ ਕਰ ਦਿੰਦੇ ਹਨ। ਕੀ ਉਨ੍ਹਾਂ ਨੇ ਇੱਕ ਵਾਰ ਵੀ ਸੰਸਦ ਵਿੱਚ ਪੱਛਮੀ ਬੰਗਾਲ ਵਿੱਚ ਲੋਕਤੰਤਰ 'ਤੇ ਹੋ ਰਹੇ ਹਮਲੇ 'ਤੇ ਸਵਾਲ ਚੁੱਕੇ? ਵੋਟਾਂ ਕੱਟਣ 'ਤੇ ਸਵਾਲ ਚੁੱਕੇ? ਗਲਤ ਤਰੀਕੇ ਨਾਲ ਬਣ ਰਹੀਆਂ ਵੋਟਾਂ 'ਤੇ ਸਵਾਲ ਚੁੱਕੇ? ਉਨ੍ਹਾਂ ਨੇ ਇਹ ਸਵਾਲ ਕਿਉਂ ਨਹੀਂ ਚੁੱਕੇ? ਕੀ ਉਹ ਭਾਜਪਾ ਤੋਂ ਡਰ ਰਹੇ ਹਨ? ਕੀ ਉਹ ਮੋਦੀ ਜੀ ਤੋਂ ਡਰ ਰਹੇ ਹਨ?

ਆਤਿਸ਼ੀ ਨੇ ਕਿਹਾ ਕਿ ਅੱਜ ਦੇਸ਼ ਦੇ ਆਮ ਆਦਮੀ ਸਾਹਮਣੇ ਸਭ ਤੋਂ ਵੱਡਾ ਸੰਕਟ ਐਲਪੀਜੀ ਗੈਸ ਸਿਲੰਡਰ ਦਾ ਹੈ। ਰਾਘਵ ਚੱਢਾ ਤਾਂ ਵੱਡੇ ਆਦਮੀ ਹਨ, ਰਾਜ ਸਭਾ ਮੈਂਬਰ ਹਨ, ਹੋ ਸਕਦਾ ਹੈ ਉਨ੍ਹਾਂ ਨੂੰ ਕੋਈ ਦਿੱਕਤ ਨਾ ਆਉਂਦੀ ਹੋਵੇ। ਪਰ ਇੱਕ ਆਮ ਪਰਿਵਾਰ, ਇੱਕ ਛੋਟੇ ਜਿਹੇ ਮਕਾਨ ਜਾਂ ਕੱਚੀ ਕਲੋਨੀ ਵਿੱਚ ਰਹਿਣ ਵਾਲੇ ਅਤੇ ਇੱਕ ਗੈਸ ਸਿਲੰਡਰ ਕਨੈਕਸ਼ਨ ਵਾਲੇ ਪਰਿਵਾਰ ਨੂੰ ਅੱਜ ਆਪਣੇ ਬੱਚਿਆਂ ਲਈ ਰੋਟੀ ਬਣਾਉਣ ਵਿੱਚ ਭਾਰੀ ਮੁਸ਼ਕਲ ਹੋ ਰਹੀ ਹੈ। ਪਿਤਾ ਸੋਚ ਰਿਹਾ ਹੈ ਕਿ ਕੰਮ 'ਤੇ ਜਾਵਾਂ ਅਤੇ ਦਿਹਾੜੀ ਲੈ ਕੇ ਆਵਾਂ, ਜਾਂ ਲੰਬੀਆਂ ਲਾਈਨਾਂ ਵਿੱਚ ਖੜ੍ਹ ਕੇ ਗੈਸ ਸਿਲੰਡਰ ਲੈ ਕੇ ਆਵਾਂ ਤਾਂ ਜੋ ਕੱਲ੍ਹ ਮੇਰੇ ਬੱਚਿਆਂ ਲਈ ਦੁਪਹਿਰ ਦਾ ਖਾਣਾ ਬਣ ਸਕੇ।

ਆਤਿਸ਼ੀ ਨੇ ਕਿਹਾ ਕਿ ਜਦੋਂ ਆਮ ਆਦਮੀ ਪਾਰਟੀ ਨੇ ਪੰਜਾਬ ਵਿੱਚ ਅਤੇ ਦਿੱਲੀ ਵਿਧਾਨ ਸਭਾ ਵਿੱਚ ਸਿਲੰਡਰ ਦਾ ਸਵਾਲ ਉਠਾਇਆ, ਜਦੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਐਲਪੀਜੀ ਸਿਲੰਡਰ ਦਾ ਮੁੱਦਾ ਚੁੱਕਿਆ ਅਤੇ ਜਦੋਂ ਰਾਘਵ ਚੱਢਾ ਨੂੰ ਐਲਪੀਜੀ ਦੇ ਮੁੱਦੇ 'ਤੇ ਬੋਲਣ ਲਈ ਕਿਹਾ ਗਿਆ, ਤਾਂ ਉਹ ਚੁੱਪ ਰਹਿ ਗਏ। ਕੀ ਉਹ ਮੋਦੀ ਜੀ ਤੋਂ ਡਰ ਗਏ ਹਨ? ਅੱਜ ਇਸ ਦੇਸ਼ ਵਿੱਚ ਹਰ ਇਨਸਾਨ ਨੂੰ ਇਹ ਤੈਅ ਕਰਨਾ ਹੋਵੇਗਾ ਕਿ ਕੀ ਉਹ ਮੋਦੀ ਜੀ ਦੇ ਨਾਲ ਹੈ ਜਾਂ ਸੰਵਿਧਾਨ ਅਤੇ ਲੋਕਤੰਤਰ ਦੇ ਨਾਲ।

ਆਤਿਸ਼ੀ ਨੇ ਕਿਹਾ ਕਿ ਮੈਨੂੰ ਯਾਦ ਆ ਰਿਹਾ ਹੈ ਕਿ ਜਦੋਂ ਅਰਵਿੰਦ ਕੇਜਰੀਵਾਲ ਗ੍ਰਿਫਤਾਰ ਹੋਏ ਸੀ, ਉਦੋਂ ਅਸੀਂ ਸਾਰੇ ਸੜਕਾਂ 'ਤੇ ਖੜ੍ਹੇ ਹੋ ਕੇ ਲੜ ਰਹੇ ਸੀ। ਪੁਲਿਸ ਸਾਡੇ 'ਤੇ ਲਾਠੀਆਂ ਵਰ੍ਹਾ ਰਹੀ ਸੀ ਅਤੇ ਸਾਨੂੰ ਘੜੀਸ-ਘੜੀਸ ਕੇ ਫੜ ਕੇ ਲੈ ਜਾ ਰਹੀ ਸੀ। ਦਿੱਲੀ ਦੇ ਵੱਖ-ਵੱਖ ਥਾਣਿਆਂ ਵਿੱਚ, ਕਿਤੇ ਨਰੇਲਾ ਵਿੱਚ, ਕਿਤੇ ਬਵਾਨਾ ਵਿੱਚ ਸਾਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਅਸੀਂ ਰੋਜ਼ ਸੜਕਾਂ 'ਤੇ ਲੜ ਰਹੇ ਸੀ ਅਤੇ ਉਦੋਂ ਰਾਘਵ ਚੱਢਾ ਲੰਡਨ ਵਿੱਚ ਸਨ। ਉਨ੍ਹਾਂ ਨੇ ਸਾਨੂੰ ਦੱਸਿਆ ਸੀ ਕਿ ਉਨ੍ਹਾਂ ਦੀ ਅੱਖ ਦਾ ਆਪਰੇਸ਼ਨ ਹੋ ਰਿਹਾ ਹੈ, ਇਸ ਲਈ ਉਹ ਲੰਡਨ ਵਿੱਚ ਹਨ। ਉਦੋਂ ਮੀਡੀਆ ਨੇ ਸਾਨੂੰ ਬਹੁਤ ਸਵਾਲ ਪੁੱਛੇ। ਵਾਰ-ਵਾਰ ਅਸੀਂ ਮੀਡੀਆ ਨੂੰ ਕਿਹਾ ਕਿ ਰਾਘਵ ਚੱਢਾ ਡਰੇ ਨਹੀਂ ਹਨ। ਉਨ੍ਹਾਂ ਦੀ ਅੱਖ ਵਿੱਚ ਦਿੱਕਤ ਹੈ ਅਤੇ ਉਹ ਆਪਣਾ ਆਪਰੇਸ਼ਨ ਕਰਵਾਉਣ ਗਏ ਹਨ। ਪਰ ਅੱਜ ਮੇਰੇ ਮਨ ਵਿੱਚ ਵੀ ਇਹ ਸਵਾਲ ਆ ਰਿਹਾ ਹੈ ਕਿ ਜਦੋਂ ਅਰਵਿੰਦ ਕੇਜਰੀਵਾਲ ਗ੍ਰਿਫਤਾਰ ਹੋਏ, ਕੀ ਉਦੋਂ ਵੀ ਉਹ ਭਾਜਪਾ ਤੋਂ ਡਰ ਗਏ ਸੀ? ਕੀ ਉਦੋਂ ਵੀ ਉਹ ਮੋਦੀ ਜੀ ਤੋਂ ਡਰ ਗਏ ਸੀ? ਕੀ ਉਹ ਡਰ ਕੇ ਲੰਡਨ ਭੱਜ ਗਏ ਸੀ?

ਆਤਿਸ਼ੀ ਨੇ ਅੱਗੇ ਕਿਹਾ ਕਿ ਹੋ ਸਕਦਾ ਹੈ ਕਿ ਰਾਘਵ ਚੱਢਾ ਮੋਦੀ ਜੀ ਤੋਂ ਡਰਦੇ ਹੋਣ, ਹੋ ਸਕਦਾ ਹੈ ਕਿ ਉਹ ਜੇਲ੍ਹ ਜਾਣ ਤੋਂ ਡਰਦੇ ਹੋਣ। ਪਰ ਅਸੀਂ ਅਰਵਿੰਦ ਕੇਜਰੀਵਾਲ ਦੇ ਸਿਪਾਹੀ ਹਾਂ। ਅਸੀਂ ਨਾ ਭਾਜਪਾ ਤੋਂ ਡਰਦੇ ਹਾਂ, ਨਾ ਮੋਦੀ ਜੀ ਤੋਂ ਡਰਦੇ ਹਾਂ, ਨਾ ਉਨ੍ਹਾਂ ਦੀਆਂ ਏਜੰਸੀਆਂ ਤੋਂ ਅਤੇ ਨਾ ਹੀ ਜੇਲ੍ਹ ਜਾਣ ਤੋਂ ਡਰਦੇ ਹਾਂ। ਇਸ ਲਈ ਅਸੀਂ ਇਸ ਦੇਸ਼ ਦੇ ਆਮ ਆਦਮੀ ਦੀ ਆਵਾਜ਼ ਉਠਾਉਂਦੇ ਆਏ ਹਾਂ ਅਤੇ ਅੱਗੇ ਵੀ ਉਠਾਉਂਦੇ ਰਹਾਂਗੇ। ਅਸੀਂ ਇਸ ਲੋਕਤੰਤਰ ਲਈ ਆਵਾਜ਼ ਉਠਾਉਂਦੇ ਆਏ ਹਾਂ ਅਤੇ ਉਠਾਉਂਦੇ ਰਹਾਂਗੇ। ਮੋਦੀ ਜੀ ਜਾਂ ਭਾਜਪਾ ਤੋਂ ਡਰਨ ਨਾਲ ਸੰਵਿਧਾਨ ਅਤੇ ਲੋਕਤੰਤਰ ਨਹੀਂ ਬਚੇਗਾ। ਅੱਜ ਰਾਘਵ ਚੱਢਾ ਨੂੰ ਇਹ ਤੈਅ ਕਰਨਾ ਹੈ ਕਿ ਕੀ ਉਹ ਸੰਵਿਧਾਨ ਦੇ ਨਾਲ ਹਨ ਜਾਂ ਫਿਰ ਮੋਦੀ ਜੀ ਦੇ ਨਾਲ।


ਉੱਥੇ ਹੀ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਮੀਡੀਆ ਇੰਚਾਰਜ ਅਨੁਰਾਗ ਢਾਂਡਾ ਨੇ ਕਿਹਾ ਕਿ ਅਸੀਂ ਕੇਜਰੀਵਾਲ ਦੇ ਸਿਪਾਹੀ ਹਾਂ। ਨਿਡਰਤਾ ਹੀ ਸਾਡੀ ਪਹਿਲੀ ਪਛਾਣ ਹੈ। ਕੋਈ ਮੋਦੀ ਤੋਂ ਡਰ ਜਾਵੇ ਤਾਂ ਦੇਸ਼ ਲਈ ਕੀ ਲੜੇਗਾ? ਪਾਰਟੀ ਨੂੰ ਸੰਸਦ ਵਿੱਚ ਬੋਲਣ ਲਈ ਬਹੁਤ ਘੱਟ ਸਮਾਂ ਮਿਲਦਾ ਹੈ। ਉਸ ਵਿੱਚ ਜਾਂ ਤਾਂ ਦੇਸ਼ ਬਚਾਉਣ ਦਾ ਸੰਘਰਸ਼ ਕਰ ਸਕਦੇ ਹੋ ਜਾਂ ਏਅਰਪੋਰਟ ਕੰਟੀਨ ਵਿੱਚ ਸਮੋਸੇ ਸਸਤੇ ਕਰਵਾਉਣ ਦਾ। ਗੁਜਰਾਤ ਵਿੱਚ ਸਾਡੇ ਸੈਂਕੜੇ ਵਰਕਰ ਭਾਜਪਾ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਏ, ਕੀ ਸਾਂਸਦ ਸਾਹਿਬ ਸਦਨ ਵਿੱਚ ਕੁਝ ਬੋਲੇ?

ਅਨੁਰਾਗ ਢਾਂਡਾ ਨੇ ਕਿਹਾ ਕਿ ਪੱਛਮੀ ਬੰਗਾਲ ਵਿੱਚ ਵੋਟ ਦਾ ਅਧਿਕਾਰ ਖੋਹਿਆ ਜਾ ਰਿਹਾ ਹੈ। ਸਦਨ ਵਿੱਚ ਮੁੱਖ ਚੋਣ ਕਮਿਸ਼ਨਰ ਵਿਰੁੱਧ ਪ੍ਰਸਤਾਵ ਆਇਆ ਤਾਂ ਭਾਈ ਸਾਹਿਬ ਨੇ ਸਾਈਨ ਕਰਨ ਤੋਂ ਮਨ੍ਹਾ ਕਰ ਦਿੱਤਾ। ਪਾਰਟੀ ਨੇ ਸਦਨ ਤੋਂ ਵਾਕਆਊਟ ਕੀਤਾ ਤਾਂ ਮੋਦੀ ਜੀ ਦੀ ਹਾਜ਼ਰੀ ਲਾਉਣ ਲਈ ਬੈਠੇ ਰਹਿੰਦੇ ਹਨ। ਪਿਛਲੇ ਕੁਝ ਸਾਲਾਂ ਤੋਂ ਤੁਸੀਂ ਡਰ ਗਏ ਹੋ ਰਾਘਵ। ਮੋਦੀ ਖਿਲਾਫ ਬੋਲਣ ਤੋਂ ਘਬਰਾਉਂਦੇ ਹੋ। ਦੇਸ਼ ਦੇ ਅਸਲੀ ਮੁੱਦਿਆਂ 'ਤੇ ਬੋਲਣ ਤੋਂ ਘਬਰਾਉਂਦੇ ਹੋ। ਜੋ ਡਰ ਗਿਆ, ਉਹ ਸਮਝੋ ਮਰ ਗਿਆ।

Space available for Ad
Contact # +1 (209) 303-1260


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

ਵਹਿ ਪ੍ਰਗਟਿਓ ਮਰਦ ਅਗੰਮੜਾ ਵਰੀਆਮ ਇਕੇਲਾ।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ॥੧੨॥




ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 Sikh Temple St. Stockton CA95206 (A Historical Land Mark of CA)


ਖਾਲਸਾ ਪੰਥ ਦੇ ਸਾਜਨਾ ਦਿਵਸ – ਵਿਸਾਖੀ ਨੂੰ ਸਮਰਪਿਤ

# 21ਵਾਂ ਮਹਾਨ ਨਗਰ ਕੀਰਤਨ

## 19 ਅਪ੍ਰੈਲ 2026 (ਐਤਵਾਰ)

**ਸਲਾਨਾ ਮਹਾਨ ਕਥਾ ਕੀਰਤਨ ਸਮਾਗਮ 6 ਤੋਂ 19 ਅਪ੍ਰੈਲ 5 ਤੋਂ 9 ਵਜੇ ਤੱਕ**

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 19 ਅਪ੍ਰੈਲ 2026 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖਾਲਸੇ ਦਾ 327ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ।



**ਸਵੇਰੇ 11:30 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ 'ਚ ਨਗਰ ਕੀਰਤਨ ਦੀ ਸ਼ੁਰੂਆਤ ਹੋਵੇਗੀ**



ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਜੀ (ਸ੍ਰੀ ਫ਼ਤਹਿਗੜ੍ਹ ਸਾਹਿਬ)



ਢਾਡੀ ਫੌਜਾ ਸਿੰਘ ਸਾਗਰ



ਭਾਈ ਗੁਰਕਿਰਤ ਸਿੰਘ ਜੀ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)



ਭਾਈ ਬਲਵਿੰਦਰ ਸਿੰਘ ਲੋਪਕੇ (ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)



ਕਵੀਸ਼ਰੀ ਜਥਾ ਭਾਈ ਮਹਿਲ ਸਿੰਘ (ਚੰਡੀਗੜ੍ਹ ਵਾਲੇ)



ਗਿਆਨੀ ਗੁਰਸੇਵਕ ਸਿੰਘ ਜੀ (ਹੈਡ ਗ੍ਰੰਥੀ, ਗੁਰਦੁਆਰਾ ਸਾਹਿਬ ਸਟਾਕਟਨ)

## ਸੇਵਾਵਾਂ ਲਈ ਸੰਪਰਕ

| ਫਲੈਟਾਂ ਦੀ ਸੇਵਾ | ਲੰਗਰ ਸੇਵਾ | ਦੁਕਾਨਾਂ ਦੀ ਜਾਣਕਾਰੀ | ਅੰਮ੍ਰਿਤ ਸੰਚਾਰ |
|---|---|---|---|
| ਭਾਈ ਗੁਲਵਿੰਦਰ ਸਿੰਘ ਛਿੰਦਾ<br>(209) 487-3699<br>ਭਾਈ ਸੰਦੀਪ ਸਿੰਘ<br>(209) 513-0508 | ਭਾਈ ਗੁਰਚਰਨ ਸਿੰਘ<br>(510) 432-4304<br>ਭਾਈ ਸੁਖਜਿੰਦਰ ਸਿੰਘ<br>(209) 360-3142<br>ਭਾਈ ਗੁਰਇੰਦਰ ਸਿੰਘ<br>(209) 993-4767 | ਭਾਈ ਪਰਮਜੀਤ ਸਿੰਘ ਨਿੱਝਰ<br>(510) 377-5320<br>ਭਾਈ ਪ੍ਰਭਜੋਤ ਸਿੰਘ<br>(510) 938-7840 | ਭਾਈ ਜਤਿੰਦਰ ਸਿੰਘ 'ਪੰਮਾ'<br>(209) 993 7954 |

**ਅੰਮ੍ਰਿਤ ਸੰਚਾਰ ਅਤੇ ਨਿਸ਼ਾਨ ਸਾਹਿਬ ਸੇਵਾ**
18 ਅਪ੍ਰੈਲ 2026 (ਸ਼ਨੀਵਾਰ)
ਸਵੇਰੇ 8:00 ਵਜੇ

**Parking Arrangement »** Fairgrounds, 1658 South Airport Way, Stockton, CA 95206
ਸੰਗਤਾਂ ਲਈ Bus & Van ਦੀ ਖਾਸ ਸੁਵਿਧਾ ਉਪਲਬਧ

ਸਭ ਸੰਗਤਾਂ ਨੂੰ ਬੇਨਤੀ:ਆਪਣੇ ਪਰਿਵਾਰਾਂ ਸਮੇਤ ਵੱਧ ਚੜ੍ਹਕੇ ਪਹੁੰਚੋ ਅਤੇ ਇਸ ਪਵਿੱਤਰ ਨਗਰ ਕੀਰਤਨ 'ਚ ਹਾਜ਼ਰੀ ਲਗਵਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫਤਿਹ॥



# ਜਸਵਿੰਦਰ ਕੌਰ

ਆਪ ਸਾਰੇ ਸਨੇਹੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਸਾਡੇ ਸਤਿਕਾਰਯੋਗ
**ਮਾਤਾ ਜਸਵਿੰਦਰ ਕੌਰ ਜੀ** ਜੋ ਪਿਛਲੇ ਦਿਨੀ ਅਕਾਲ ਚਲਾਣਾ ਕਰ ਗਏ ਸਨ
ਉਹਨਾਂ ਦੀ ਮਿੱਠੀ ਪਿਆਰੀ ਯਾਦ ਵਿੱਚ

**ਗੁਰਦੁਆਰਾ ਗੁਰੂ ਅੰਗਦ ਦਰਬਾਰ :** 8100 Stine Road Bakersfield CA 93313 ਵਿਖੇ

**10 ਅਪਰੈਲ ਸ਼ੁਕਰਵਾਰ ਨੂੰ**
ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ

**12 ਅਪ੍ਰੈਲ ਦਿਨ ਐਤਵਾਰ ਨੂੰ**
ਸ੍ਰੀ ਅਖੰਡ ਪਾਠ ਸਾਹਿਬ ਦੀ ਸਮਾਪਤੀ

ਉਪਰੰਤ ਗੁਰਮਤ ਸਮਾਗਮ ਹੋਣਗੇ। ਜਿਸ ਵਿੱਚ ਗੁਰਬਾਣੀ ਕਥਾ ਕੀਰਤਨ ਦੇ ਪ੍ਰਵਾਹ ਚੱਲਣਗੇ।

## ਗੁਰੂ ਕੇ ਲੰਗਰਾਂ ਦੀਆਂ ਸੇਵਾਵਾਂ ਹੋਣਗੀਆਂ ।

ਆਪ ਸਾਰੀ ਸੰਗਤ ਨੂੰ ਬੇਨਤੀ ਕੀਤੀ ਜਾਂਦੀ ਹੈ ਆਪ ਜੀ ਨੇ ਇਹਨਾਂ ਸਮਾਗਮਾਂ ਵਿੱਚ ਉਚੇਚੇ ਤੌਰ ਤੇ ਹਾਜ਼ਰੀ ਭਰਨ ਦੀ ਕਿਰਪਾਲਤਾ ਕਰਨੀ ਜੀ।

ਦੁੱਖੀ ਹਿਰਦੇ ਨਾਲ

Ajit Singh Tut (661) 440-1466 | Jagmohan Singh (661) 425-0000
Jasbir Singh (661) 333-0659 | Manjit Singh

# ਅਸ਼ੀਰਵਾਦ ਸਕੀਮ ਤਹਿਤ 2694 ਲਾਭਪਾਤਰੀਆਂ ਲਈ 13.74 ਕਰੋੜ ਜਾਰੀ: ਡਾ. ਬਲਜੀਤ ਕੌਰ

**ਚੰਡੀਗੜ੍ਹ**
**ਸਾਂਝੀ ਸੋਚ ਬਿਊਰੋ**

ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮਾਜ ਦੇ ਪੱਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਪਰਿਵਾਰਾਂ ਨੂੰ ਆਰਥਿਕ ਸਹਾਰਾ ਦੇਣ ਲਈ ਅਸ਼ੀਰਵਾਦ ਸਕੀਮ ਤਹਿਤ ਵਿੱਤੀ ਸਾਲ 2025-26 ਦੌਰਾਨ 2694 ਲਾਭਪਾਤਰੀਆਂ ਨੂੰ 13.74 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਇਹ ਸਹਾਇਤਾ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਲਈ ਧੀਆਂ ਦੇ ਵਿਆਹ ਸਮੇਂ ਵੱਡੀ ਰਾਹਤ ਸਾਬਤ ਹੋ ਰਹੀ ਹੈ ਅਤੇ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਕੋਈ ਵੀ ਯੋਗ ਪਰਿਵਾਰ ਇਸ ਸਹੂਲਤ ਤੋਂ ਵਾਂਝਾ ਨਾ ਰਹੇ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਜ਼ਿਲ੍ਹਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜ਼ਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਲੁਧਿਆਣਾ, ਮਾਨਸਾ, ਮੋਗਾ, ਪਟਿਆਲਾ, ਪਠਾਨਕੋਟ, ਰੂਪਨਗਰ, ਐਸ.ਏ.ਐਸ. ਨਗਰ, ਐਸ.ਬੀ.ਐਸ. ਨਗਰ, ਸੰਗਰੂਰ, ਮਾਲੇਰਕੋਟਲਾ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਲਾਭਪਾਤਰੀਆਂ ਨੂੰ ਇਹ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਗਈ ਹੈ।



ਸਮਾਜਿਕ ਨਿਆਂ ਮੰਤਰੀ ਨੇ ਦੱਸਿਆ ਕਿ ਇਸ ਰਾਸ਼ੀ ਨਾਲ ਜ਼ਿਲ੍ਹਾ ਬਰਨਾਲਾ ਦੇ 70, ਬਠਿੰਡਾ ਦੇ 253, ਫਰੀਦਕੋਟ ਦੇ 13, ਫਿਰੋਜ਼ਪੁਰ ਦੇ 38, ਸ੍ਰੀ ਫਤਹਿਗੜ੍ਹ ਸਾਹਿਬ ਦੇ 72, ਗੁਰਦਾਸਪੁਰ ਦੇ 211, ਹੁਸ਼ਿਆਰਪੁਰ ਦੇ 267, ਲੁਧਿਆਣਾ ਦੇ 134 ਅਤੇ ਮਾਨਸਾ ਦੇ 275 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਇਸੇ ਤਰ੍ਹਾਂ ਜ਼ਿਲ੍ਹਾ ਮੋਗਾ ਦੇ 43, ਪਟਿਆਲਾ ਦੇ 129, ਪਠਾਨਕੋਟ ਦੇ 212, ਰੂਪਨਗਰ ਦੇ 336, ਐਸ.ਏ.ਐਸ. ਨਗਰ ਦੇ 163, ਐਸ.ਬੀ.ਐਸ. ਨਗਰ ਦੇ 29, ਸੰਗਰੂਰ ਦੇ 79, ਮਾਲੇਰਕੋਟਲਾ ਦੇ 171 ਅਤੇ ਤਰਨਤਾਰਨ ਦੇ 199 ਲਾਭਪਾਤਰੀਆਂ ਨੂੰ ਵੀ ਲਾਭ ਦਿੱਤਾ ਗਿਆ ਹੈ।

ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਘੱਟ ਆਮਦਨ ਵਾਲੇ ਪਰਿਵਾਰਾਂ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ, ਜਿਸ ਨਾਲ ਪਰਿਵਾਰਾਂ ਨੂੰ ਵੱਡੀ ਆਰਥਿਕ ਮਦਦ ਮਿਲਦੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ ਅਤੇ ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ। ਉਨ੍ਹਾਂ ਦੱਸਿਆ ਕਿ ਪਰਿਵਾਰ ਦੀ ਸਾਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਣ ਦੀ ਸਥਿਤੀ ਵਿੱਚ ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹੁੰਦੀਆਂ ਹਨ। ਉਨ੍ਹਾਂ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਡੀ.ਬੀ.ਟੀ. ਰਾਹੀਂ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ, ਜਿਸ ਨਾਲ ਪਾਰਦਰਸ਼ਤਾ ਅਤੇ ਸਮੇਂ ਸਿਰ ਸਹਾਇਤਾ ਯਕੀਨੀ ਬਣਾਈ ਜਾਂਦੀ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਸਮਾਜ ਦੇ ਹਰ ਵਰਗ ਦੀ ਭਲਾਈ ਲਈ ਵਚਨਬੱਧ ਹੈ ਅਤੇ ਖਾਸ ਕਰਕੇ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਕਰਨ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ।

# ਮਰਦਮਸ਼ੁਮਾਰੀ 2027 ਲਈ ਤਿੰਨ ਦਿਨਾਂ ਫੀਲਡ ਟ੍ਰੇਨਰ ਟ੍ਰੇਨਿੰਗ ਸਫ਼ਲਤਾਪੂਰਵਕ ਸੰਪੰਨ

**ਸੰਗਰੂਰ**
**ਸਾਂਝੀ ਸੋਚ ਬਿਊਰੋ**

ਮਰਮਸ਼ੁਮਾਰੀ-2027 ਦੀਆਂ ਤਿਆਰੀਆਂ ਤਹਿਤ ਡਿਪਟੀ ਕਮਿਸ਼ਨਰ ਦਫ਼ਤਰ, ਸੰਗਰੂਰ ਵਿਖੇ 30 ਮਾਰਚ ਤੋਂ 2 ਅਪ੍ਰੈਲ ਤਕ ਤਿੰਨ ਦਿਨਾਂ ਫੀਲਡ ਟ੍ਰੇਨਰ ਟ੍ਰੇਨਿੰਗ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਇਆ। ਇਹ ਟ੍ਰੇਨਿੰਗ ਪ੍ਰੋਗਰਾਮ ਮਰਦਮਸ਼ੁਮਾਰੀ ਕਾਰਜਾਂ ਨੂੰ ਸੁਚਾਰੂ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਰਵਾਉਣ ਲਈ ਇਕ ਮਹੱਤਵਪੂਰਨ ਕਦਮ ਹੈ।

ਇਹ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਸੰਗਰੂਰ-ਕਮ-ਪ੍ਰਿੰਸੀਪਲ ਸੈਂਸਜ ਅਫਸਰ, ਸੰਗਰੂਰ ਰਾਹੁਲ ਚਾਬਾ ਨੇ ਦੱਸਿਆ ਕਿ ਇਸ ਟ੍ਰੇਨਿੰਗ ਦੌਰਾਨ ਮਾਸਟਰ ਟ੍ਰੇਨਰਾਂ ਦੀਪਕ ਕੁਮਾਰ ਤੇ ਭਾਰਤ ਭੂਸ਼ਣ ਵੱਲੋਂ 40 ਫੀਲਡ ਟ੍ਰੇਨਰਾਂ ਨੂੰ ਮਾਰਗਦਰਸ਼ਨ ਦਿੱਤਾ ਗਿਆ। ਉਨ੍ਹਾਂ ਨੇ ਮਰਦਮਸ਼ੁਮਾਰੀ ਦੌਰਾਨ ਸਹੀ ਅਤੇ ਸਮੇਂ ਸਿਰ ਡਾਟਾ ਇਕੱਠਾ ਕਰਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਚਾਬਾ ਨੇ ਇਸ ਮੌਕੇ ਟ੍ਰੇਨਿੰਗ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਹਰ ਪੱਧਰ 'ਤੇ ਉਚਿਤ ਤਰੀਕੇ ਨਾਲ ਸਿਖਲਾਈ ਦੇਣਾ ਲਾਜ਼ਮੀ ਹੈ ਤਾਂ ਜੋ ਭਰੋਸੇਯੋਗ ਅਤੇ ਗੁਣਵੱਤਾ ਵਾਲਾ ਡਾਟਾ ਪ੍ਰਾਪਤ ਕੀਤਾ ਜਾ ਸਕੇ। ਟ੍ਰੇਨਿੰਗ ਦੌਰਾਨ ਮਾਸਟਰ ਟ੍ਰੇਨਰਾਂ ਵੱਲੋਂ ਵੱਖ-ਵੱਖ ਮਡਿਊਲਜ਼ 'ਤੇ ਵਿਸਥਾਰਪੂਰਵਕ ਸੈਸ਼ਨ ਕਰਵਾਏ ਗਏ, ਜਿਨ੍ਹਾਂ ਵਿੱਚ ਹਾਊਸ ਲਿਸਟਿੰਗ ਪ੍ਰਕਿਰਿਆ, ਡਿਜਿਟਲ ਮੋਡ ਵਿੱਚ ਸੈਂਸਜ ਲਈ ਸੀਐਮਐਮਐਸ ਪੋਰਟਲ ਅਤੇ ਐਚਐਲਓ ਵੈੱਬ ਐਪਲੀਕੇਸ਼ਨ ਸਬੰਧੀ ਹਦਾਇਤਾਂ ਅਤੇ ਸੁਪਰਵਾਈਜ਼ਰਾਂ, ਗਿਣਤੀਕਾਰ ਦੀਆਂ ਜ਼ਿੰਮੇਵਾਰੀਆਂ ਸ਼ਾਮਲ ਸਨ। ਟ੍ਰੇਨਰਾਂ ਨੇ ਭਾਗੀਦਾਰਾਂ ਨਾਲ ਫੀਲਡ ਪੱਧਰ ਦੀਆਂ ਸਮੱਸਿਆਵਾਂ, ਕਾਗਜ਼ੀ ਕਾਰਵਾਈ,ਟਾਈਮਲਾਈਨ ਅਤੇ ਡਿਜਿਟਲ ਟੂਲਾਂ ਦੀ ਵਰਤੋਂ ਬਾਰੇ ਵੀ ਚਰਚਾ ਕੀਤੀ। ਫੀਲਡ ਟ੍ਰੇਨਰਾਂ ਵਿਚੋਂ ਸੁਪਰਵਾਈਜ਼ਰਜ਼ ਅਤੇ ਗਿਣਤੀਕਾਰਾਂ ਦੀਆਂ ਟੀਮਾਂ ਬਣਾ ਕੇ ਫੀਲਡ ਵਿੱਚ ਐਚਐਲਓ ਐਪ 'ਤੇ ਪ੍ਰੈਕਟਿਸ ਵੀ ਕਰਵਾਈ ਗਈ। ਇਸ ਮੌਕੇ ਵਧੀਕ ਜ਼ਿਲ੍ਹਾ ਸੈਂਸਜ ਅਫਸਰ-ਕਮ-ਜ਼ਿਲ੍ਹਾ




ਸਿੱਖਿਆ ਅਫ਼ਸਰ (ਸੈ.) ਸੰਗਰੂਰ ਅਤੇ ਦਫਤਰ ਡਾਇਰੈਕਟੋਰੇਟ ਸੈਂਸਜ ਆਪਰੇਸ਼ਨਜ ਪੰਜਾਬ ਵੱਲੋਂ ਵਿਵੇਕ ਸਿੰਘ ਵੱਲੋਂ ਟ੍ਰੇਨਿੰਗ ਦੀ ਮਹੱਤਤਾ, ਫੀਲਡ ਤਿਆਰੀ ਅਤੇ ਮਰਦਮਸ਼ੁਮਾਰੀ ਦੌਰਾਨ ਨਿਯਮਾਂ ਦੀ ਪਾਲਣਾ 'ਤੇ ਜ਼ੋਰ ਦਿੰਦਿਆਂ ਫੀਲਡ ਟ੍ਰੇਨਰਾਂ ਨੂੰ ਫੀਲਡ ਵਿੱਚ ਸੁਪਰਵਾਈਜ਼ਰਾਂ ਅਤੇ ਗਿਣਤੀਕਾਰਾਂ ਨੂੰ ਵਧੀਆ ਅਤੇ ਸੁਚਾਰੂ ਢੰਗ ਨਾਲ ਟ੍ਰੇਨਿੰਗ ਦੇਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ, ਸੰਗਰੂਰ-ਕਮ-ਜ਼ਿਲ੍ਹਾ ਸੈਂਸਜ ਅਫਸਰ, ਸੰਗਰੂਰ ਅੰਕੁਰ ਮਹਿੰਦਰੂ, ਜ਼ਿਲ੍ਹਾ ਸੈਂਸਜ ਦਫਤਰ ਤੋਂ ਸੁਪਰਡੈਂਟ ਅਸ਼ੋਕ ਕੁਮਾਰ ਸਮੇਤ ਵੱਖ ਵੱਖ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

# ਅਮਰੀਕਾ ਦੇ ਹਵਾਈ ਅੱਡਿਆਂ ਦੀ ਸੁਰੱਖਿਆ ਹੁਣ ਨਿੱਜੀ ਹੱਥਾਂ 'ਚ ਦੇਣ ਦੀ ਤਿਆਰੀ

**ਵਾਸ਼ਿੰਗਟਨ**
**ਸਾਂਝੀ ਸੋਚ ਬਿਊਰੋ**

ਰਾਸ਼ਟਰਪਤੀ ਡੋਨਾਲਡ ਟਰੰਪ ਨੇ 4 ਅਪ੍ਰੈਲ ਨੂੰ ਪੈਸੇ ਦੀ ਬਚਤ ਕਰਨ ਦੇ ਉਦੇਸ਼ ਨਾਲ, ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਦੁਆਰਾ ਸੰਭਾਲੇ ਜਾਂਦੇ ਹਵਾਈ ਅੱਡਿਆਂ ਦੇ ਸੁਰੱਖਿਆ ਕਾਰਜਾਂ ਦਾ ਨਿੱਜੀਕਰਨ ਸ਼ੁਰੂ ਕਰਨ ਦਾ ਪ੍ਰਸਤਾਵ ਦਿੱਤਾ ਹੈ। ਵ੍ਹਾਈਟ ਹਾਊਸ ਦੇ ਬਜਟ ਵਿਚ 11 ਸਤੰਬਰ 2001 ਦੇ ਹਮਲਿਆਂ ਤੋਂ ਬਾਅਦ ਬਣਾਈ ਗਈ ਇਸ ਸੰਘੀ ਏਜੰਸੀ ਦੇ ਫੰਡਾਂ ਵਿਚ 52 ਮਿਲੀਅਨ ਡਾਲਰ ਦੀ ਕਟੌਤੀ ਕਰਨ ਦਾ ਪ੍ਰਸਤਾਵ ਹੈ। ਇਸ ਦੇ ਨਾਲ ਹੀ ਛੋਟੇ ਹਵਾਈ ਅੱਡਿਆਂ ਲਈ ਅਜਿਹੇ ਪ੍ਰੋਗਰਾਮ ਵਿਚ ਸ਼ਾਮਲ ਹੋਣਾ ਲਾਜ਼ਮੀ ਹੋਵੇਗਾ, ਜਿੱਥੇ ਟੀ.ਐੱਸ.ਏ. ਨਿੱਜੀ ਸਕ੍ਰੀਨਰਾਂ (ਜਾਂਚਕਰਤਾਵਾਂ) ਲਈ ਭੁਗਤਾਨ ਕਰੇਗਾ। ਵਰਤਮਾਨ ਵਿਚ, ਟੀ.ਐੱਸ.ਏ. ਕੋਲ ਲਗਭਗ 50,000 ਸੰਘੀ ਕਰਮਚਾਰੀ ਹਨ, ਜੋ ਲਗਭਗ ਸਾਰੇ ਅਮਰੀਕੀ ਹਵਾਈ ਅੱਡਿਆਂ 'ਤੇ ਸਕ੍ਰੀਨਿੰਗ ਦਾ ਕੰਮ ਕਰਦੇ ਹਨ।

4 ਅਪ੍ਰੈਲ ਨੂੰ ਜਾਰੀ ਕੀਤੇ ਗਏ ਬਜਟ ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ ਜੋ ਹਵਾਈ ਅੱਡੇ ਇਸ ਸਮੇਂ ਨਿੱਜੀਕਰਨ ਪ੍ਰੋਗਰਾਮ ਦੀ ਵਰਤੋਂ ਕਰ ਰਹੇ ਹਨ, ਉਨ੍ਹਾਂ ਨੇ ਸੰਘੀ ਸਕ੍ਰੀਨਿੰਗ ਕਾਰਜਾਂ ਦੇ ਮੁਕਾਬਲੇ ਬਚਤ ਕਰਕੇ ਦਿਖਾਈ ਹੈ।

ਪਿਛਲੇ ਹਫ਼ਤਿਆਂ ਵਿਚ, ਅਮਰੀਕਾ ਦੇ ਮੁੱਖ ਹਵਾਈ ਅੱਡਿਆਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਕਿਉਂਕਿ ਬਜਟ ਵਿਵਾਦ ਕਾਰਨ ਫੰਡ ਰੁਕ ਜਾਣ ਕਰਕੇ ਟੀ.ਐੱਸ.ਏ. ਅਧਿਕਾਰੀਆਂ ਨੂੰ ਫਰਵਰੀ ਦੇ ਅੱਧ ਤੋਂ ਤਨਖਾਹ ਨਹੀਂ ਮਿਲੀ ਸੀ। ਕਾਂਗਰਸ ਵਿਚ ਇਸ ਰੇੜਕੇ ਕਾਰਨ 10 ਪ੍ਰਤੀਸ਼ਤ ਜਾਂ ਉਸ ਤੋਂ ਵੱਧ ਕਰਮਚਾਰੀ ਗੈਰ-ਹਾਜ਼ਰ ਰਹਿਣ ਲੱਗੇ, ਜਿਸ ਨਾਲ ਹਵਾਈ ਅੱਡਿਆਂ 'ਤੇ ਹਫੜਾ-ਦਫੜੀ ਮਚ ਗਈ ਅਤੇ ਸੁਰੱਖਿਆ ਲਈ ਲੰਬੀਆਂ ਲਾਈਨਾਂ ਲੱਗ ਗਈਆਂ। ਏਜੰਸੀ ਨੇ 30 ਮਾਰਚ ਨੂੰ ਦੱਸਿਆ ਕਿ ਤਨਖਾਹ ਮਿਲਣ ਤੋਂ ਬਾਅਦ ਗੈਰ-ਹਾਜ਼ਰੀ ਦੀ ਦਰ ਘਟ ਕੇ 8.6% ਰਹਿ ਗਈ ਹੈ।

ਨਿੱਜੀਕਰਨ ਟੀ.ਐੱਸ.ਏ. ਨੂੰ ਕਾਂਗਰਸ ਦੇ ਫੰਡਿੰਗ ਝਗੜਿਆਂ ਤੋਂ ਦੂਰ ਰੱਖਣ ਵਿਚ ਮਦਦ ਕਰ ਸਕਦਾ ਹੈ। ਹਵਾਈ ਅੱਡੇ ਦੀ ਸੁਰੱਖਿਆ ਏਜੰਸੀ ਵਿਚ ਕਟੌਤੀ ਅਜਿਹੇ ਨਾਜ਼ੁਕ ਸਮੇਂ 'ਤੇ ਹੋ ਰਹੀ ਹੈ, ਜਦੋਂ ਹਵਾਈ ਯਾਤਰਾ ਦੀ ਸੁਰੱਖਿਆ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਹਾਲ ਹੀ ਦੇ ਹਫ਼ਤਿਆਂ ਵਿਚ 500 ਤੋਂ ਵੱਧ ਟੀ.ਐੱਸ.ਏ. ਅਧਿਕਾਰੀ ਨੌਕਰੀ ਛੱਡ ਚੁੱਕੇ ਹਨ ਅਤੇ ਏਅਰ ਟ੍ਰੈਫਿਕ ਕੰਟਰੋਲਰਾਂ ਦੀ ਵੀ ਪੁਰਾਣੀ ਕਮੀ ਚੱਲ ਰਹੀ ਹੈ। ਹਾਲਾਂਕਿ, ਟਰੰਪ ਦੇ ਬਜਟ ਵਿਚ ਹੋਰ ਕੰਟਰੋਲਰਾਂ ਦੀ ਭਰਤੀ ਲਈ ਪੈਸਾ ਸ਼ਾਮਲ ਕੀਤਾ ਗਿਆ ਹੈ।

ਟਰੰਪ ਟੀ.ਐੱਸ.ਏ. ਦੇ ਆਲੋਚਕ ਰਹੇ ਹਨ। ਉਨ੍ਹਾਂ ਨੇ ਆਪਣੇ ਕਾਰਜਕਾਲ ਦੇ ਪਹਿਲੇ ਹੀ ਦਿਨ ਇਸ ਦੇ ਮੁਖੀ, ਡੇਵਿਡ ਪੇਕੋਸਕੇ ਨੂੰ ਬਰਖਾਸਤ ਕਰ ਦਿੱਤਾ ਸੀ ਅਤੇ ਕਦੇ ਵੀ ਕਿਸੇ ਬਦਲਵੇਂ ਨਾਂ ਦੀ ਤਜਵੀਜ਼ ਨਹੀਂ ਦਿੱਤੀ। ਪਿਛਲੇ ਸਾਲ, ਵ੍ਹਾਈਟ ਹਾਊਸ ਨੇ ਟੀ.ਐੱਸ.ਏ. ਦੇ ਫੰਡਾਂ ਵਿਚ 247 ਮਿਲੀਅਨ ਡਾਲਰ ਦੀ ਕਟੌਤੀ ਦੀ ਮੰਗ ਕਰਦਿਆਂ ਕਿਹਾ ਸੀ ਕਿ ”ਟੀ.ਐੱਸ.ਏ. ਲਗਾਤਾਰ ਆਡਿਟ ਵਿਚ ਅਸਫਲ ਰਿਹਾ ਹੈ ਅਤੇ ਅਜਿਹੇ ਦਖਲਅੰਦਾਜ਼ੀ ਵਾਲੇ ਸਕ੍ਰੀਨਿੰਗ ਉਪਾਅ ਲਾਗੂ ਕਰ ਰਿਹਾ ਹੈ, ਜੋ ਅਮਰੀਕੀਆਂ ਦੀ ਨਿੱਜਤਾ ਅਤੇ ਸਨਮਾਨ ਦੀ ਉਲੰਘਣਾ ਕਰਦੇ ਹਨ।”

ਬਾਇਡਨ ਪ੍ਰਸ਼ਾਸਨ ਨੇ ਹਵਾਈ ਯਾਤਰਾ ਵਧਣ ਕਾਰਨ ਟੀ.ਐੱਸ.ਏ. ਦਾ ਆਕਾਰ ਵਧਾ ਕੇ ਲਗਭਗ 60,000 ਕਰਮਚਾਰੀ ਕਰ ਦਿੱਤਾ ਸੀ। 2024 ਵਿਚ, ਟੀ.ਐੱਸ.ਏ. ਨੇ 904 ਮਿਲੀਅਨ ਯਾਤਰੀਆਂ ਦੀ ਜਾਂਚ ਕੀਤੀ, ਜੋ ਕਿ ਇੱਕ ਰਿਕਾਰਡ ਸੀ ਅਤੇ 2023 ਦੇ ਮੁਕਾਬਲੇ 5 ਪ੍ਰਤੀਸ਼ਤ ਵੱਧ ਸੀ।


Imperial Spice
Resturant Bar & Banquet Hall
Vibrant flavors of
North and South Indian cuisine.
IMPERIAL SPICE
OPEN
10am to 10pm
ਸੋਮਵਾਰ ਤੋਂ ਬੁੱਧਵਾਰ 10am to 3pm
Lunch Buffett
ਸਿਰਫ ਤੇ ਸਿਰਫ
$14.99
SPECIAL
Fish Pakora
$4.99
ਜੇਕਰ ਤੁਸੀਂ $100 ਤੋ ਵੱਧ ਖਰਚਦੇ ਹੋ ਤਾਂ 1 ਪਲੇਟ ਪਾਣੀਪੁਰੀ FREE
OPEN
7 DAYS
A WEEK
ਮੰਗਲਵਾਰ ਨੂੰ ਖਾਸ ਸਪੈਸ਼ਲ Buffet $12.99
ਰਾਤੀ Dinner ਸਮੇਂ 5 ਜਾਂ 5 ਤੋਂ ਵੱਧ ਬੰਦਿਆਂ ਦੇ
ਖਾਣਾ ਖਾਣ 'ਤੇ ਹੋਵੇਗਾ 10% discount
ਸਿਰਫ ਮੰਗਲਵਾਰ ਨੂੰ hard liquor ਦੀਆਂ ਕੁਝ items ਦੇ shot ਦੀ ਕੀਮਤ ਹੋਵੇਗੀ ਸਿਰਫ $8
PACKAGE DEALS AVAILABLE
Spacious Banquet Hall
Professional Decoration
DJ & Special Security Available
5000 ਬੰਦਿਆਂ ਤੱਕ ਦੀ
Catering ਦਾ ਪ੍ਰਬੰਧ
ਅਸੀਂ ਦੇਸੀ ਘਿਉ ਦੀਆਂ ਹਰ ਤਰ੍ਹਾਂ ਦੀਆਂ ਮਿਠਾਈਆਂ ਵੀ ਬਣਾਉਂਦੇ ਹਾਂ
ਅਤੇ ਵਿਆਹ ਸ਼ਾਦੀਆਂ ਵਾਸਤੇ ਵੱਡੇ ਆਡਰ ਵੀ ਮਿਠਾਈਆਂ ਦੇ ਲੈਂਦੇ ਹਾਂ।
Sonu (209) 595-8596 Goutam (209) 494-9404
430 W Grant Line Rd Tracy, CA 95376

Gillson TRUCKING INC

NOW HIRING

TRUCK DRIVERS CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



**SKILLS**

- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

**RESPONSIBILITIES**

- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company. policies and procedures.

**PAY**

- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

**NEWER EQUIPMENT**

Freightliner and Volvo 2020 and present
Reset pay away from Terminals– Stockton,. CA and Dayton, Ohio

Flexible Home Time | Pet Friendly | Rider Policy

SCAN QR CODE FOR APPLY NOW

HEALTH BENEFITS: Health | Dental | Vision


1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com


ਸੁਆਦ ਜੋ ਦਿਲ ਜਿੱਤ ਲਵੇ !
'Sidhu Catering'
ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਧਾਰਮਿਕ ਸਮਾਗਮ
ਅਨੰਦ ਕਾਰਜ ਜਾਂ ਹੋਵੇ ਕੋਈ ਹੋਰ ਖੁਸ਼ੀ ਦਾ ਮੌਕਾ
1000 ਤੋਂ ਵੱਧ ਬੰਦਿਆਂ ਤੱਕ ਦੀ ਪੂਰੀ Catering ਉਪਲਬਧ
ਸ਼ੁੱਧ ਅਤੇ ਸੁਆਦੀ ਖਾਣਾ
ਟਿਫ਼ਨ ਸਰਵਿਸ ਉਪਲਬਧ ਹੈ
ਹਰ ਕਿਸਮ ਦੀ ਕਰਵਾਓ ਮਠਿਆਈ ਅਤੇ ਸੀਰਨੀ ਤਿਆਰ
ਅਸੀਂ ਕਰਾਂਗੇ ' ਹਰ ਕਿਸੇ ਦੇ ਰੇਟ ਨੂੰ ਬੀਟ '
California ਵਿੱਚ ਕਿਤੇ ਵੀ ਪਾਓ Catering ਦੀ ਸੇਵਾ
'Sidhu Catering' - ਤੁਹਾਡੇ ਪ੍ਰੋਗਰਾਮ ਨੂੰ ਬਣਾਵੇ ਯਾਦਗਾਰ !
ਅੱਜ ਹੀ ਕਾਲ ਕਰੋ ਤੇ ਆਪਣੀ Booking ਬੁਕਿੰਗ ਕਰਵਾਓ
ਸੰਪਰਕ ਨੰਬਰ ਨੋਟ ਕਰ ਲਓ : (559) 283-1311 | (510) 230-6107



SANJHI SOCH
ਬਘੇਲ ਸਿੰਘ ਧਾਲੀਵਾਲ
99142-58142

# ਸ੍ਰੀ ਅਨੰਦਪੁਰ ਸਾਹਿਬ ਵਾਲੀ ਘਟਨਾ, ਮਰਯਾਦਾ ਦਾ ਉਲੰਘਣ ਅਨਜਾਣਪੁਣਾ ਨਹੀਂ ਸਾਜਿਸ਼ ਹੈ

ਅਨੰਦਪੁਰ ਸਾਹਿਬ ਦੀ ਤਾਜ਼ਾ ਘਟਨਾ ਨੇ ਇੱਕ ਵਾਰ ਫਿਰ ਸੁਚੇਤ ਸਿੱਖ ਮਨਾਂ ਨੂੰ ਚਿੰਤਤ ਕੀਤਾ ਹੈ। ਇਹ ਘਟਨਾ ਭਾਵੇਂ ਸ੍ਰੀ ਅਨੰਦਪੁਰ ਸਾਹਿਬ ਦੀ ਹੋਵੇ ਜਾਂ ਸ੍ਰੀ ਦਰਬਾਰ ਸਾਹਿਬ ਵਿੱਚ ਵਾਪਰੀਆਂ ਪਹਿਲਾਂ ਦੀਆਂ ਘਟਨਾਵਾਂ ਹੋਣ,ਮਕਸਦ ਸਭ ਦਾ ਇੱਕੋ ਹੈ ਅਤੇ ਸਾਰੀਆਂ ਹੀ ਘਟਨਾਵਾਂ ਇੱਕੋ ਕੜੀ ਦਾ ਹਿੱਸਾ ਹਨ। ਇਹਨਾਂ ਨੂੰ ਅਲੱਗ-ਅਲੱਗ ਕਰਕੇ ਦੇਖਣਾ ਸਭ ਤੋਂ ਵੱਡੀ ਭੁੱਲ ਹੋਵੇਗੀ। ਇਹ ਇੱਕ ਲੜੀ ਹੈ, ਇੱਕ ਲਗਾਤਾਰ ਚੱਲ ਰਹੀ ਕੋਸ਼ਿਸ਼ ਹੈ, ਜਿਸਦਾ ਨਿਸ਼ਾਨਾ ਸਿੱਖ ਧਰਮ ਦੀ ਮਰਯਾਦਾ ਹੈ, ਸਿਧਾਂਤ ਹਨ,ਉਸਦੀ ਅਸਲੀ ਵਿਲੱਖਣ ਪਛਾਣ ਹੈ। ਅਨੰਦਪੁਰ ਸਾਹਿਬ ਦੀ ਧਰਤੀ, ਜਿੱਥੇ ਖਾਲਸਾ ਪੰਥ ਦਾ ਜਨਮ ਹੋਇਆ, ਉੱਥੇ ਇੱਕ ਬੀਬੀ ਵੱਲੋਂ ਮੂਰਤੀ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਜਾਣ ਦੀ ਜ਼ਿੱਦ ਕਰਨਾ ਇਹ ਉਸ ਔਰਤ ਦਾ ਭੋਲਾਪਣ ਨਹੀ ਅਤੇ ਨਾ ਹੀ ਉਸ ਮੂਰਤੀ ਪ੍ਰਤੀ ਕੋਈ ਸ਼ਰਧਾ ਕਾਰਨ ਹੈ। ਬਲਕਿ ਘਟਨਾ ਉਸ ਸੋਚ ਦੀ ਪਰਤੀਕ ਹੈ,ਜੋ ਸਿੱਖੀ ਦੇ ਅਸੂਲਾਂ ਨਾਲ ਟੱਕਰ ਲੈਣ ਲਈ ਤਿਆਰ ਬੈਠੀ ਹੈ,ਜੋ ਸਿੱਖੀ ਅਸੂਲਾਂ ਦਾ ਮਲ਼ੀਆਮੇਟ ਕਰਨ ਲਈ ਕਾਹਲੀ ਹੈ। ਇਸ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿੱਚ ਇੱਕ ਬੀਬੀ ਵੱਲੋਂ ਚਿਹਰੇ ‘ਤੇ ਭਾਰਤੀ ਝੰਡਾ ਬਣਾ ਕੇ ਅੰਦਰ ਜਾਣ ਦੀ ਕੋਸ਼ਿਸ਼ ਕਰਨੀ ਅਤੇ ਰੋਕੇ ਜਾਣ ‘ਤੇ ਤੁਰੰਤ ਕੈਮਰਾ ਚਾਲੂ ਕਰਕੇ ਹੰਗਾਮਾ ਕਰਨ ਦੀ ਕੋਸ਼ਿਸ਼ ਅਤੇ ਇਸ ਤੋ ਇਲਾਵਾ ਹੋਰ ਵੀ ਬਹੁਤ ਘਟਨਾਵਾਂ ਵਾਪਰੀਆਂ ਹਨ ਜਿੰਨਾਂ ਵਿੱਚ ਅੰਦਰ ਬੜਕੇ ਬੀੜੀ ਸਿਗਰਟਾਂ ਨਾਲ ਬੇਅਦਬੀ ਕਰਨ ਦੀਆਂ ਕੋਸ਼ਿਸ਼ਾਂ ਵੀ ਸ਼ਾਮਲ ਹਨ। ਸਾਰੀਆਂ ਘਟਨਾਵਾਂ ਇੱਕੋ ਲੜੀ ਚੋ ਨਿਕਲੀਆਂ ਹੋਈਆਂ ਜਾਪਦੀਆਂ ਹਨ। ਇਹ ਕੋਈ ਸਧਾਰਣ ਸੰਯੋਗ ਨਹੀਂ। ਇਹ ਇੱਕ ਪੈਟਰਨ ਹੈ,ਇੱਕ ਸੋਚੀ ਸਮਝੀ ਰਣਨੀਤੀ, ਜਿਸਦਾ ਮਕਸਦ ਹੈ ਗੁਰਦੁਆਰਾ ਸਾਹਿਬ ਦੀ ਮਰਯਾਦਾ ਨੂੰ ਪਾਖੰਡਵਾਦ ਵਿੱਚ ਰਲਗੱਡ ਕਰਨਾ,ਵਿਪਰਵਾਦ ਦਾ ਬੋਲਬਾਲਾ ਕਰਵਾ ਕੇ ਸਿੱਖੀ ਨੂੰ ਭੇਖ ਦੀ ਸਿੱਖੀ ਬਣਾ ਕੇ ਸਿਧਾਂਤਾਂ ਨੂੰ ਖੋਰਾ ਲਾਉਣਾ ।ਅਜਿਹੇ ਬਗੈਰ ਮਤਲਬ ਦੇ ਟਕਰਾਅ ਪੈਦਾ ਕਰਕੇ , ਪ੍ਰਬੰਧਕਾਂ ਨੂੰ ਉਕਸਾਉਣਾ, ਅਤੇ ਫਿਰ ਉਸ ਉਕਸਾਏ ਹੋਏ ਪਲਾਂ ਨੂੰ ਕੈਮਰੇ ਵਿੱਚ ਕੈਦ ਕਰਕੇ ਇੱਕ ਨਵਾਂ ਵਿਰਤਾਂਤ ਸਿਰਜਣ ਦੀ ਕੋਸਿਸ਼ ਕਰਨਾ,ਸਭ ਖਥ੍ਰਨਾਕ ਸਾਜਿਸ਼ਾਂ ਹਨ। ਅੱਜ ਦੇ ਸਮੇ ਦੀ ਲੜਾਈ ਸਿਰਫ ਧਾਰਮਿਕ ਨਹੀਂ ਰਹੀ। ਜਦੋਂ ਕੋਈ ਵਿਅਕਤੀ ਪਹਿਲਾਂ ਤੋਂ ਹੀ ਵੀਡੀਓ ਬਣਾਉਣ ਵਾਲਾ ਨਾਲ ਲੈ ਕੇ ਆਉਂਦਾ ਹੈ, ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਉਹ ਦਰਸ਼ਨ ਕਰਨ ਨਹੀਂ ਆਇਆ,ਉਹ ਇੱਕ ਮੰਜ਼ਰ ਬਣਾਉਣ ਆਇਆ ਹੈ। ਉਹ ਚਾਹੁੰਦਾ ਹੈ ਕਿ ਉਸਨੂੰ ਰੋਕਿਆ ਜਾਵੇ, ਉਸ ਨਾਲ ਤਕਰਾਰ ਹੋਵੇ, ਤਾਂ ਜੋ ਉਹ ਆਪਣੇ ਆਪ ਨੂੰ ਪੀੜਤ ਦਿਖਾ ਸਕੇ ਅਤੇ ਸਿੱਖ ਸੰਸਥਾਵਾਂ ਨੂੰ ਬਦਨਾਮ ਕਰ ਸਕੇ॥ ਇਹ ਖੇਡ ਬਹੁਤ ਸੂਖਮ ਅਤੇ ਬਹੁਤ ਖਤਰਨਾਕ ਹੈ। ਗੁਰਦੁਆਰਾ ਸਾਹਿਬ ਦੀ ਮਰਯਾਦਾ ਕੋਈ ਆਮ ਨਿਯਮ ਨਹੀਂ। ਇਹ ਸਦੀਆਂ ਦੀਆਂ ਕੁਰਬਾਨੀਆਂ ਨਾਲ ਬਣੀ ਇੱਕ ਪ੍ਰਣਾਲੀ ਹੈ, ਇਹਦੇ ਸਿਧਾਂਤ ਦੁਨਿਆਵੀ ਤਖਤਾਂ ਨਾਲ ਟੱਕਰ ਲੈ ਕੇ ਤਹਿ ਕੀਤੇ ਗਏ ਹਨ ਅਤੇ ਖੰਡੇ ਦੀ ਧਾਰ ਚੋ ਪੈਦਾ ਹੋਏ ਹਨ।

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ਙ
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ਙ

ਦੇ ਸੰਕਲਪ ਨੂੰ ਪਹਿਲਾ ਜੀਵਨ ਦਾ ਹਿੱਸਾ ਬਣਾਉਣਾ ਪੈਂਦਾ ਹੈ,ਫਿਰ ਸਿੱਖੀ ਨਸੀਬ ਹੁੰਦੀ ਹੈ। ਸਿੱਖ ਅਤੇ ਸਿੱਖੀ ਦਾ ਕੇਂਦਰ ਸਿਰਫ ਅਤੇ ਸਿਰਫ ਧੰਨ ਧੰਨ ਸ੍ਰੀ ਗੁਰੂ ਗਰੰਥ ਸਾਹਬ ਜੀ ਦੀ ਸਰਬ ਉੱਚਤਾ ਵਾਲੀ ਵਿਚਾਰਧਾਰਾ ਹੈ। ਇੱਥੇ ਕਿਸੇ ਹੋਰ ਪ੍ਰਤੀਕ, ਕਿਸੇ ਹੋਰ ਧਾਰਮਿਕ ਰੂਪ ਜਾਂ ਮੂਰਤੀ ਲਈ ਕੋਈ ਥਾਂ ਨਹੀਂ। ਇਹ ਸਿੱਖੀ ਦਾ ਮੂਲ ਸਿਧਾਂਤ ਹੈ, ਜਿਸਨੂੰ ਕੋਈ ਵੀ ਸਮਝਣ ਵਾਲਾ ਆਸਾਨੀ ਨਾਲ ਸਮਝ ਸਕਦਾ ਹੈ। ਫਿਰ ਵੀ ਜਦੋਂ ਕੋਈ ਵਿਅਕਤੀ ਮੂਰਤੀ ਲੈ ਕੇ ਅੰਦਰ ਜਾਣ ਦੀ ਜ਼ਿੱਦ ਕਰਦਾ ਹੈ, ਤਾਂ ਇਹ ਸਿਰਫ ਇੱਕ ਨਿਯਮ ਤੋੜਨ ਦੀ ਕੋਸ਼ਿਸ਼ ਨਹੀਂ ਰਹਿੰਦੀ। ਇਹ ਇੱਕ ਅਸੂਲ ਨੂੰ ਚੁਣੌਤੀ ਦੇਣ ਦੀ ਕੋਸ਼ਿਸ਼ ਬਣ ਜਾਂਦੀ ਹੈ। ਅਜਿਹੇ ਮੌਕਿਆਂ ਤੇ ਅਕਸਰ ਕਿਹਾ ਜਾਂਦਾ ਹੈ ਕਿ ਸਿੱਖ ਕਿਰਪਾਨ ਪਾ ਕੇ ਮੰਦਰਾਂ ਵਿੱਚ ਜਾਂਦੇ ਹਨ, ਤਾਂ ਗੁਰਦੁਆਰੇ ਵਿੱਚ ਮੂਰਤੀ ਕਿਉਂ ਨਹੀਂ ਜਾ ਸਕਦੀ ? ਇਹ ਤਰਕ ਸੁਣਨ ਵਿੱਚ ਸਿੱਧਾ ਲੱਗਦਾ ਹੈ, ਪਰ ਅਸਲ ਵਿੱਚ ਇਹ ਬਹੁਤ ਹੀ ਗਲਤ ਤੁਲਨਾ ਹੈ। ਕਿਰਪਾਨ ਸਿੱਖ ਧਰਮ ਦਾ ਅਟੁੱਟ ਅੰਗ ਹੈ,ਇਹ ਸਿੱਖ ਦੀ ਪਹਿਚਾਣ ਹੈ, ਉਸਦੀ ਰਹਿਤ ਦਾ ਹਿੱਸਾ ਹੈ। ਜਦੋਂ ਕੋਈ ਸਿੱਖ ਕਿਰਪਾਨ ਪਾ ਕੇ ਕਿਸੇ ਹੋਰ ਧਾਰਮਿਕ ਸਥਾਨ ‘ਤੇ ਜਾਂਦਾ ਹੈ, ਉਹ ਉੱਥੇ ਦੀ ਮਰਯਾਦਾ ਨੂੰ ਬਦਲਣ ਨਹੀਂ ਜਾਂਦਾ। ਪਰ ਜਦੋਂ ਕੋਈ ਵਿਅਕਤੀ ਮੂਰਤੀ ਲੈ ਕੇ ਗੁਰਦੁਆਰੇ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦਾ ਹੈ, ਉਹ ਸਿਰਫ ਆਪਣੀ ਪਹਿਚਾਣ ਨਾਲ ਨਹੀਂ ਆ ਰਿਹਾ,ਸਗੋਂ ਉਹ ਗੁਰਦੁਆਰੇ ਦੀ ਮਰਯਾਦਾ ਵਿੱਚ ਦਖਲ ਦੇ ਰਿਹਾ ਹੈ। ਇਹ ਦੋਨੋਂ ਗੱਲਾਂ ਵਿੱਚ ਜਮੀਨ ਅਸਮਾਨ ਜਿੰਨਾ ਫਰਕ ਹੈ। ਇਹ ਵੀ ਸੱਚ ਹੈ ਕਿ ਦੇਸ਼ ਦੇ ਕਈ ਮੰਦਰਾਂ ਵਿੱਚ ਆਪਣੇ ਨਿਯਮ ਹਨ। ਕਿਤੇ ਦਸਤਾਰ ਉਤਾਰਨ ਦੀ ਸ਼ਰਤ, ਕਿਤੇ ਧਾਰਮਿਕ ਪਹਿਚਾਣ ਦੇ ਆਧਾਰ ‘ਤੇ ਰੋਕ, ਕਿਤੇ ਜਾਤੀ ਦੇ ਆਧਾਰ ‘ਤੇ ਪ੍ਰਵੇਸ਼ ਦੀ ਪਾਬੰਦੀ,ਇਹ ਸਾਰੀਆਂ ਗੱਲਾਂ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਬਣੇ ਹੋਏ ਮੰਦਰਾਂ ਵਿੱਚ ਅੱਜ ਵੀ ਲਾਗੂ ਹਨ,ਜਿੱਥੋ ਰਾਸ਼ਟਰਪਤੀ ਤੱਕ ਨੂੰ ਵੀ ਨੀਵੀਂ ਜਾਤ ਹੋਣ ਕਰਕੇ ਰੋਕਿਆ ਜਾ ਚੁੱਕਾ ਹੈ।ਉੱਥੇ ਕੋਈ ਇਹ ਨਹੀਂ ਕਹਿੰਦਾ ਕਿ ਇਹ ਅਸਹਿਣਸ਼ੀਲਤਾ ਹੈ। ਉੱਥੇ ਇਹ ਕਿਹਾ ਜਾਂਦਾ ਹੈ ਕਿ ਇਹ ਮੰਦਰ ਦੀ ਮਰਯਾਦਾ ਹੈ। ਫਿਰ ਜਦੋਂ ਗੁਰਦੁਆਰਾ ਪ੍ਰਬੰਧ ਆਪਣੀ ਮਰਯਾਦਾ ਦੀ ਗੱਲ ਕਰਦਾ ਹੈ, ਤਾਂ ਇਸਨੂੰ ਮੁੱਦਾ ਕਿਉਂ ਬਣਾਇਆ ਜਾਂਦਾ ਹੈ। ਇਹੀ ਦੋਹਰਾ ਮਾਪਦੰਡ ਹੈ, ਜਿਸਨੂੰ ਸਮਝਣ ਦੀ ਲੋੜ ਹੈ। ਸ੍ਰੀ ਦਰਬਾਰ ਸਾਹਿਬ ਵਿੱਚ ਵਾਪਰੀ ਘਟਨਾ,ਚਿਹਰੇ ‘ਤੇ ਭਾਰਤੀ ਝੰਡਾ ਬਣਾਕੇ ਅੰਦਰ ਜਾਣ ਦੀ ਕੋਸ਼ਿਸ਼ ਵੀ ਇੱਕ ਪ੍ਰਤੀਕਾਤਮਕ ਕਦਮ ਸੀ। ਇਸਦਾ ਮਕਸਦ ਧਾਰਮਿਕ ਸਥਾਨ ਨੂੰ ਇੱਕ ਰਾਜਨੀਤਿਕ ਪ੍ਰਤੀਕ ਨਾਲ ਜੋੜਨਾ ਸੀ। ਉਹਦੀ ਮਰਿਯਾਦਾ ਨੂੰ ਢਾਹ ਲਾਉਣਾ ਸੀ,ਕਿਉਂਕਿ ਸ੍ਰੀ ਦਰਬਾਰ ਸਾਹਿਬ ਦੇ ਸਾਹਮਣੇ ਅਕਾਲ ਤਖਤ ਸਾਹਿਬ ਮੌਜੂਦਾ ਹੈ,ਸ੍ਰੀ ਦਰਬਾਰ ਸਾਹਿਬ ਰੁਹਾਨੀਅਤ ਭਾਵ ਧਰਮ ਦਾ ਪਰਤੀਕ ਹੈ ਅਤੇ ਸ੍ਰੀ ਅਕਾਲ ਤਖਤ ਸਾਹਿਬ ਰਾਜਨੀਤਕ ਤਾਕਤ ਦਾ ਪਰਤੀਕ ਹੈ। ਵਿਚਕਾਰ ਲੱਗੇ ਦੋ ਉੱਚੇ ਨੀਵੇਂ ਨਿਸਾਨ ਸਾਹਿਬ ਇਸ ਗੱਲ ਦਾ ਪਰਤੀਕ ਹਨ ਕਿ ਧਰਮ ਰਾਜਨੀਤੀ ਦੇ ਉੱਪਰ ਰਹੇਗਾ। ਉਸ ਤਿਰੰਗੇ ਚਿਹਰੇ ਵਾਲੀ ਬੀਬੀ ਦਾ ਮਕਸਦ ਵੀ ਸਮਝਿਆ ਜਾ ਸਕਦਾ ਹੈ। ਉਹਨੂੰ ਜਦੋ ਰੋਕਿਆ ਗਿਆ, ਤਾਂ ਤੁਰੰਤ ਕੈਮਰਾ ਚਾਲੂ ਹੋ ਗਿਆ ਸੀ। ਇਹ ਸਾਰਾ ਵਿਰਤਾਂਤ ਦੱਸਦਾ ਹੈ ਕਿ ਮਾਮਲਾ ਸਿਰਫ ਦਰਸ਼ਨ ਦਾ ਨਹੀਂ ਸੀ,ਮਾਮਲਾ ਇੱਥੋ ਦੀ ਮਰਯਾਦਾ ਨੂੰ ਤਹਿਸ ਨਹਿਸ ਕਰਨ ਦਾ ਸੀ। ਇਹਨਾਂ ਘਟਨਾਵਾਂ ਨੂੰ ਦੇਖ ਕੇ ਇਹ ਸਵਾਲ ਉੱਠਦਾ ਹੈ ਕਿ ਕੀ ਇਹ ਸਿਰਫ ਕੁਝ ਵਿਅਕਤੀਆਂ ਦੀਆਂ ਹਰਕਤਾਂ ਹਨ ਜਾਂ ਇਸਦੇ ਪਿੱਛੇ ਕੋਈ ਵੱਡੀ ਸੋਚ ਕੰਮ ਕਰ ਰਹੀ ਹੈ? ਜਦੋਂ ਇੱਕੋ ਤਰ੍ਹਾਂ ਦੀ ਤਿਆਰੀ ਨਾਲ, ਇੱਕੋ ਤਰ੍ਹਾਂ ਦੇ ਨਤੀਜੇ ਦੇਣ ਲਈ ਇੱਕੋ ਜਿਹੀਆਂ ਘਟਨਾਵਾਂ ਵਾਰ-ਵਾਰ ਵਾਪਰਨ ਲੱਗਣ, ਤਾਂ ਇਹਨਾਂ ਨੂੰ ਸਿਰਫ ਸੰਯੋਗ ਕਹਿ ਦੇਣਾ ਨਾਸਮਝੀ ਹੋਵੇਗੀ ਜਾ ਫਿਰ ਗੁਲਾਮ ਜਿਹਨੀਅਤ,ਕਿਉਂਕਿ ਸਿੱਖ ਸੇਵਾਦਾਰ ਜਿਸਤਰਾਂ ਅਜਿਹੇ ਮਾਮਲਿਆਂ ਵਿੱਚ ਦੋਸ਼ੀਆਂ ਨਾਲ ਪੇਸ਼ ਆਉਂਦੇ ਹਨ। ਉਸ ਤੋ ਇੰਜ ਪਰਤੀਤ ਹੁੰਦਾ ਹੈ ਕਿ ਜਿਵੇਂ ਸੇਵਾਦਾਰ ਅਜਿਹੇ ਦੋਸ਼ੀਆਂ ਨਾਲ ਉਲਝਣ ਤੋ ਡਰਦੇ ਹੋਣ। ਇਹ ਇੱਕ ਮਨੋਵਿਗਿਆਨਕ ਦਬਾਅ ਬਣਾਉਣ ਦੀ ਕੋਸ਼ਿਸ਼ ਵੀ ਹੋ ਸਕਦੀ ਹੈ,ਇੱਕ ਐਸਾ ਮਾਹੌਲ ਬਣਾਉਣ ਦੀ ਕੋਸ਼ਿਸ਼, ਜਿੱਥੇ ਸਿੱਖ ਆਪਣੀ ਮਰਯਾਦਾ ਦੀ ਰੱਖਿਆ ਕਰਦੇ ਹੋਏ ਵੀ ਗਲਤ ਦਿਖਾਏ ਜਾਣ। ਇਸ ਸਾਰੀ ਸਥਿਤੀ ਵਿੱਚ ਸਿੱਖ ਕੌਮ ਲਈ ਸਭ ਤੋਂ ਵੱਡੀ ਚੁਣੌਤੀ ਹੈ ਕਿ ਅਜਿਹੀਆਂ ਸਾਜਿਸ਼ਾਂ ਦਾ ਜਵਾਬ ਕਿਵੇਂ ਦਿੱਤਾ ਜਾਵੇ , ਜੇਕਰ ਜਵਾਬ ਕਮਜ਼ੋਰੀ ਨਾਲ ਦਿੱਤਾ ਗਿਆ, ਤਾਂ ਮਰਯਾਦਾ ਨੂੰ ਨੁਕਸਾਨ ਪਹੁੰਚੇਗਾ। ਇਸ ਲਈ ਜ਼ਰੂਰੀ ਹੈ ਕਿ ਪੂਰੇ ਹੋਸ ਨਾਲ ਪਰ ਸਖਤੀ ਦੀ ਵਰਤੋ ਕਰਕੇ ਅਜਿਹੇ ਮਨਸੂਬਿਆਂ ਨੂੰ ਅਸਫਲ ਕੀਤੇ ਜਾਣ ਦੇ ਨਾਲ ਸਰੋਮਣੀ ਕਮੇਟੀ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ,ਕਿ ਅਜਿਹੇ ਸਰਾਰਤੀ ਅਨਸਰ ਨੇੜੇ ਹੀ ਨਾ ਪਹੁੰਚ ਸਕਣ। ਮਰਯਾਦਾ ‘ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਪਰ ਮਰਯਾਦਾ ਦੀ ਰੱਖਿਆ ਵੀ ਅਨੁਸ਼ਾਸਨ ਨਾਲ ਹੋਣੀ ਚਾਹੀਦੀ ਹੈ। ਇਹ ਸਮਾਂ ਜਿੱਥੇ ਬੇਹੱਦ ਜਾਗਰੂਕ ਹੋਣ ਦਾ ਹੈ, ਸਚੇਤ ਹੋਣ ਦਾ ਹੈ, ਓਥੇ ਪੰਥਕ ਏਕਤਾ ਵੀ ਸਮੇ ਦੀ ਫੌਰੀ ਲੋੜ ਹੈ। ਸਿੱਖ ਨੇ ਇਹ ਵੀ ਸਮਝਣਾ ਹੋਵੇਗਾ,ਕਿ ਅਜਿਹੀਆਂ ਹਰਕਤਾਂ ਸਿੱਖੀ ਦੀ ਰੂਹ ਨੂੰ ਜਖਮੀ ਕਰਨ ਲਈ ਕੀਤੀਆਂ ਜਾ ਰਹੀਆਂ ਹਨ। ਸੋ ਜੇਕਰ ਸਿੱਖ ਆਪਣੇ ਪਵਿੱਤਰ ਗੁਰਧਾਮਾਂ ਦੀ ਰੱਖਿਆ ਨਹੀਂ ਕਰ ਸਕਣਗੇ, ਤਾਂ ਇਤਿਹਾਸ ਕਦੇ ਮਾਫ਼ ਨਹੀਂ ਕਰੇਗਾ।









Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001


GHUMAN
LAW GROUP INC.
Ghuman Law Group
ਤੁਹਾਡੇ ਲਈ ਲੈ ਕੇ ਆਏ ਨੇ
AMERICA ਵਿੱਚ
BUSINESS ਕਰਨ ਦਾ ਸੁਨਿਹਰੀ ਮੌਕਾ !
ਜੇਕਰ ਤੁਸੀਂ Canada, England, Australia,
New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ
ਆਓ E-2 Investor Visa ਰਾਹੀਂ
ਸਿਰਫ $25,000 ਦੀ ਘੱਟੋ-ਘੱਟ Investment
ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ
PASSPORT
GHUMAN LAW GROUP
ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ
ਪੂਰੀ ਮਦਦ ਕਰੇਗਾ
ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ
ਪਰਿਵਾਰ ਸਮੇਤ ਆਉਣ ਦਾ ਵਧੀਆ ਮੌਕਾ
2 ਸਾਲ ਦਾ Work Permit
Spouse ਨੂੰ ਮਿਲੇਗਾ Open Work Permit
ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ
ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ
MON - FRI, 9:00 AM - 3:00 PM
+1 (223) 300-0001 | www.ghumanlawgroup.org
2450 VENTURE OAKS WAY, STE 225 SACRAMENTO, CA



ਬਰਜਿੰਦਰ ਕੌਰ ਬਿਸਰਾਓ
99889-01324

# ਸ਼ਰਧਾਂਜਲੀਆਂ ਕਿ ਝੂਠ ਦੇ ਪੁਲੰਦੇ...?

ਕਿਸੇ ਪਿੰਡ ਦੇ ਜ਼ੈਲਦਾਰਾਂ ਦੇ ਬੁੜੇ ਨੇ ਜਵਾਨੀ ਵਿੱਚ ਵੈਲੀਪੁਣੇ ਦੀਆਂ ਹੱਦਾਂ ਟੱਪੀਆਂ ਹੋਈਆਂ ਸਨ, ਹਵੇਲੀ ਮੂਹਰੇ ਲੱਗੇ ਬੋਹੜ ਹੇਠਾਂ ਸਾਰਾ ਦਿਨ ਆਪਣੇ ਵਰਗੇ ਪੰਜ ਸੱਤ ਮੁਸ਼ਟੰਡਿਆਂ ਨਾ਼ਲ ਢਾਣੀ ਬਣਾ ਕੇ ਤਾਸ਼ ਖੇਡਣਾ, ਸ਼ਰਾਬਾਂ ਪੀਣੀਆਂ ,ਆਉਂਦੀਆਂ ਜਾਂਦੀਆਂ ਲੋਕਾਂ ਦੀਆਂ ਧੀਆਂ ਭੈਣਾਂ ਵੱਲ ਬੁਰੀ ਨਜ਼ਰ ਨਾਲ ਤੱਕਣਾ ਜਿਸ ਕਰਕੇ ਲੋਕਾਂ ਦੀਆਂ ਧੀਆਂ ਭੈਣਾਂ ਨੇ ਉਹ ਰਸਤਾ ਛੱਡ ਕੇ ਸਾਰਾ ਪਿੰਡ ਵਗ਼ਲ ਕੇ ਦੂਜੇ ਪਾਸੇ ਵਾ਼ਲੇ ਰਸਤਿਓਂ ਆਪਣੇ ਕੰਮ ਧੰਦੀਂ ਜਾਣਾ । ਫਿਰ ਉਹਦਾ ਇੱਕ ਪੋਤਾ ਨੇਤਾਗਿਰੀ ਵਿੱਚ ਪੈ ਗਿਆ ਤੇ ਉੱਘਾ ਨੇਤਾ ਬਣ ਗਿਆ । ਉਹਦੀ ਨੇਤਾਗਿਰੀ ਨੂੰ ਸਲਾਮਾਂ ਹੋਣ ਲੱਗੀਆਂ। ਜਦ ਉਹ ਬੁੜਾ ਮਰਿਆ ਤਾਂ 'ਜ਼ੈਲਦਾਰਾਂ ਦਾ ਬੁੜਾ' ਘੱਟ ਤੇ ਨੇਤਾ ਜੀ ਦਾ ਸਤਿਕਾਰਯੋਗ ਦਾਦਾ ਜੀ ਵੱਧ ਬਣ ਗਿਆ ਸੀ। ਬੁੜੇ ਦੀ ਅੰਤਿਮ ਅਰਦਾਸ ਵਾਲਾ ਦਿਨ ਵੀ ਆ ਗਿਆ, ਨੇਤਾ ਜੀ ਨੂੰ ਚਾਹੁਣ ਵਾਲਿਆਂ ਦਾ ਠਾਠਾਂ ਮਾਰਦਾ ਇਕੱਠ, ਉੱਤੋਂ ਨੇਤਾ ਜੀ ਵਰਗੇ ਕਿੰਨੇ ਹੀ ਹੋਰ ਨੇਤਾ ਜੀ "ਹਾਜ਼ਰੀ" ਲਵਾਉਣ ਪੁੱਜੇ। ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਵੈਰਾਗਮਈ ਕੀਰਤਨ ਤੋਂ ਬਾਅਦ ਭੋਗ ਪੈ ਗਿਆ।

ਭੋਗ ਪੈਂਦੇ ਹੀ ਨੇਤਾ ਜੀ ਦੇ ਪਿਆਰੇ ਦਾਦਾ ਜੀ ਨੂੰ ਸ਼ਰਧਾਂਜਲੀਆਂ ਦੇਣ ਵਾ਼ਲਿਆਂ ਦੀ ਲੰਮੀ ਲਾਈਨ ਲੱਗ ਗਈ, ਸੈਕਟਰੀ ਸਾਹਿਬ ਵੱਲੋਂ ਸਾਰਿਆਂ ਨੂੰ ਬੇਨਤੀ ਕੀਤੀ ਗਈ," ਸਾਡੇ ਬਹੁਤ ਹੀ ਸਤਿਕਾਰਤ ਬਜ਼ੁਰਗ ਸਾਹਿਬ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਸਾਰੀਆਂ ਪਹੁੰਚੀਆਂ ਉੱਘੀਆਂ ਸ਼ਖ਼ਸੀਅਤਾਂ ਨੂੰ ਸਮੇਂ ਦਾ ਧਿਆਨ ਰੱਖਦਿਆਂ ਦੋ ਦੋ ਮਿੰਟ ਦਿੱਤੇ ਜਾਂਦੇ ਹਨ,ਇਸ ਲਈ ਕਿਰਪਾ ਕਰਕੇ ਦੋ ਮਿੰਟ ਵਿੱਚ ਹੀ ਇਸ ਮਹਾਨ ਸ਼ਖ਼ਸੀਅਤ ਨੂੰ ਸ਼ਰਧਾ ਦੇ ਫੁੱਲ ਚੜਾ ਕੇ ਸਮੇਂ ਦੀ ਪਾਬੰਦੀ ਧਿਆਨ ਰੱਖਿਆ ਜਾਵੇ ਤਾਂ ਜੋ ਸਭ ਨੂੰ ਵਕਤ ਮਿਲ ਜਾਵੇ।" ਸ਼ਰਧਾਂਜਲੀਆਂ ਦਾ ਸਿਲਸਿਲਾ ਸ਼ੁਰੂ ਹੁੰਦੇ ਹੀ ਨੇਤਾ ਜੀ ਦੇ ਦਾਦਾ ਜੀ ਦੀਆਂ ਤਾਰੀਫਾਂ ਦੇ ਪੁੱਲ ਬੰਨ੍ਹਦਿਆਂ 'ਧੀਆਂ ਭੈਣਾਂ ਦੀਆਂ ਇੱਜ਼ਤਾਂ ਦਾ ਰਾਖਾ" ,"ਗਰੀਬਾਂ ਦਾ ਮਸੀਹਾ","ਨੇਕ ਇਨਸਾਨ ", ਭਲਾ ਪੁਰਸ਼" ਆਦਿਕ ਵਧੀਆ ਤੋਂ ਵਧੀਆ ਸ਼ਬਦਾਂ ਨਾ਼ਲ ਵਡਿਆਈ ਕਰਕੇ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।

ਸ਼ਰਧਾਂਜਲੀ ਕੀ ਹੈ?ਅਸਲ ਵਿੱਚ ਸ਼ਰਧਾਂਜਲੀ ਕਿਸੇ ਵਿਅਕਤੀ ਦੇ ਮਰਨ ਉਪਰੰਤ ਉਸ ਪ੍ਰਤੀ ਪਿਆਰ ਅਤੇ ਸ਼ਰਧਾ ਪ੍ਰਗਟਾਉਂਦੇ ਹੋਏ ਉਸ ਦੀ ਪ੍ਰਸੰਸਾ ਜਾਂ ਹਮਦਰਦੀ ਭਰੇ ਸ਼ਬਦਾਂ ਨੂੰ ਕਿਹਾ ਜਾਂਦਾ ਹੈਕਸਾਡੇ ਸਮਾਜ ਵਿੱਚ ਮੌਤ ਉਪਰੰਤ ਸਮਾਜਿਕ ਰੀਤੀ-ਰਿਵਾਜਾਂ ਤੇ ਧਾਰਮਿਕ ਆਸਥਾਵਾਂ ਮੁਤਾਬਕ ਮਨੁੱਖ ਦੀਆਂ ਅੰਤਿਮ ਕਿਰਿਆਵਾਂ ਕੀਤੀਆਂ ਜਾਂਦੀਆਂ ਹਨ ਜਿਸ ਤੋਂ ਬਾਅਦ ਆਪਣੇ ਆਪਣੇ ਮੱਤ ਅਨੁਸਾਰ ਸਹਿਜ ਪਾਠ ਜਾਂ ਅਖੰਡ ਪਾਠ ਜਾਂ ਗਰੁੜ ਪੁਰਾਣ ਆਦਿ ਧਾਰਮਿਕ ਗ੍ਰੰਥਾਂ ਦੇ ਪਾਠ ਦਾ ਭੋਗ ਪਾਇਆ ਜਾਂਦਾ ਹੈ।ਉਸ ਤੋਂ ਉਪਰੰਤ ਰਸਮ ਪਗੜੀ ਜਾਂ ਸ਼ਰਧਾਂਜਲੀਆਂ ਦਾ ਦੌਰ ਸ਼ੁਰੂ ਹੁੰਦਾ ਹੈ ਜਿਸ ਵਿੱਚ ਵਿਛੜੀ ਆਤਮਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ। ਸ਼ਰਧਾਂਜਲੀ ਦੇਣ ਵਾਲਾ ਕੋਈ ਮੰਤਰੀ, ਕਿਸੇ ਰਾਜਨੀਤਕ ਪਾਰਟੀ ਦਾ ਨੇਤਾ ਜਾਂ ਪ੍ਰਧਾਨ ਜਾਂ ਸਮਾਜ ਸੇਵੀ ਜਾਂ ਕੋਈ ਆਮ ਆਦਮੀ ਵੀ ਹੋ ਸਕਦਾ ਹੈ। ਬਹੁਤਾ ਕਰਕੇ ਕਈ ਲੋਕ ਅਜਿਹੇ ਮੌਕਿਆਂ 'ਤੇ ਦੋ ਮਿੰਟ ਮੌਨ ਰੱਖ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਭੇਟ ਕਰਨ ਨੂੰ ਸਰਬ ਉੱਤਮ ਮੰਨਦੇ ਹਨ।

ਹਰ ਰੋਜ਼ ਅਨੇਕਾਂ ਥਾਵਾਂ ਉੱਤੇ ਹਜ਼ਾਰਾਂ ਅਜਿਹੇ ਮਰਗ ਦੇ ਭੋਗ ਸਮਾਗਮ ਹੁੰਦੇ ਹਨ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਮਰਨ ਵਾਲੇ ਬੰਦੇ ਨੂੰ ਇਸ ਤਰ੍ਹਾਂ ਦੀਆਂ ਤਾਰੀਫਾਂ ਦੇ ਪੁੱਲ ਬੰਨ੍ਹ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ ਚਾਹੇ ਉਹ ਜ਼ਿੰਦਗੀ ਵਿੱਚ ਅਨੇਕਾਂ ਪਾਪ ਹੀ ਕਿਉਂ ਨਾ ਕਮਾ ਚੁੱਕਿਆ ਹੋਵੇ।ਸ਼ਰਧਾਂਜਲੀਆਂ ਭੇਂਟ ਕਰਨ ਵਿੱਚ ਆਮ ਲੋਕਾਂ ਤੋਂ ਇਲਾਵਾ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਉਹ ਸ਼ਖ਼ਸੀਅਤਾਂ ਸ਼ਾਮਲ ਹੁੰਦੀਆਂ ਹਨ ਜਿਹਨਾਂ ਨੇ ਕਦੇ ਮਰਨ ਵਾਲੇ ਨੂੰ ਦੇਖਿਆ ਤੱਕ ਨਹੀਂ ਹੁੰਦਾ, ਉਹਨਾਂ ਨਾਲ ਗੱਲ ਕਰਨਾ ਜਾਂ ਮਿ਼ਲੇ ਹੋਣਾ ਤਾਂ ਦੂਰ ਦੀ ਗੱਲ ਹੁੰਦੀ ਹੈ।

ਗੁਰੂ ਗ੍ਰੰਥ ਸਾਹਿਬ ਜੀ ਦਾ ਸੰਗ ਕਰਨ ਲਈ ਹਾਜ਼ਰ ਲੋਕਾਂ ਨੂੰ ਸੰਗਤ ਅਤੇ ਪੂਰੇ ਸਿਰਜੇ ਗਏ ਮਾਹੌਲ ਨੂੰ ਸਤਿਸੰਗ ਦਾ ਨਾਂ ਦਿੱਤਾ ਜਾਂਦਾ ਹੈ ਮਤਲਬ ਕਿ ਅਸੀਂ ਇੱਕ ਸੱਚੇ ਦੀ ਸੰਗਤ ਕਰ ਰਹੇ ਹੁੰਦੇ ਹਾਂ । ਜਿਸ ਦਾ ਸਿੱਧਾ ਸਿੱਧਾ ਅਰਥ ਹੁੰਦਾ ਹੈ ਕਿ ਇੱਕ ਸੱਚੇ ਪਰਮਾਤਮਾ ਦੀ ਉਸਤਤ ਕਰਦਿਆਂ ਸਾਰਾ ਵਾਤਾਵਰਣ ਅਧਿਆਤਮਿਕ ਰੰਗਤ ਵਿੱਚ ਰੰਗ ਕੇ ਮਰਨ ਵਾਲੇ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕੀਤੀ ਜਾਵੇ ਪਰ ਹੁੰਦਾ ਇਸ ਤੋਂ ਉਲਟ ਹੈ। ਉਸ ਦੀ ਆਤਮਾ ਦੀ ਸ਼ਾਂਤੀ ਨਾਲੋਂ ਜ਼ਿਆਦਾ ਉਸ ਦੇ ਖਤਮ ਹੋ ਚੁੱਕੇ ਸਰੀਰ ,ਉਸ ਦੇ ਰੁਤਬੇ ਦੀ ਉਪਮਾ ਦਾ ਵੱਧ ਖਿਆਲ ਰੱਖਿਆ ਜਾਂਦਾ ਹੈ। ਸੋਚਣ ਦੀ ਗੱਲ ਹੈ ਕਿ ਧਾਰਮਿਕ ਗ੍ਰੰਥਾਂ ਦੀ ਹਜ਼ੂਰੀ ਵਿੱਚ ਬੈਠ ਕੇ ਝੂਠੀ ਵਡਿਆਈ ਅਤੇ ਫੋਕੀ ਸ਼ੋਹਰਤ ਦੇ ਗੁਣ ਗਾਉਣੇ ਕੀ ਜ਼ਰੂਰੀ ਹੈ? ਜਿਸ ਵਿਅਕਤੀ ਦੇ ਕਾਰਨਾਮੇ ਓਥੇ ਮੌਜੂਦ ਲੋਕਾਂ ਨੇ ਸਾਰੀ ਉਮਰੇ ਵੇਖੇ ਅਤੇ ਪਰਖੇ ਹੁੰਦੇ ਹਨ, ਉਸ ਬਾਰੇ ਲਾਊਡ ਸਪੀਕਰਾਂ ਤੇ ਰੌ਼ਲਾ ਪਾ ਕੇ ਦੱਸਣ ਦੀ ਕੀ ਲੋੜ ਹੁੰਦੀ ਹੈ? ਇਸ ਤਰ੍ਹਾਂ ਦਾ ਤਾਂ ਕੋਈ ਨਿਵੇਕਲਾ ਵਿਅਕਤੀ ਹੀ ਹੋਵੇਗਾ ਜਿਸ ਨੇ ਜ਼ਿੰਦਗੀ ਵਿੱਚ ਕਦੇ ਕੋਈ ਗਲਤੀ ਨਹੀਂ ਕੀਤੀ ਹੋਵੇਗੀ। ਧਾਰਮਿਕ ਰੰਗਤ ਵਾਲੇ ਮਾਹੌਲ ਵਿੱਚ ਕਿਸੇ ਵੀ ਵਿਅਕਤੀ ਦੀ ਸ਼ਰੇਆਮ ਝੂਠੀ ਵਡਿਆਈ ਕਰਕੇ ਉਸ ਨੂੰ ਸ਼ਰਧਾਂਜਲੀ ਦੇਣਾ ਕੀ ਪਵਿੱਤਰ ਗਰੰਥਾਂ ਦੀ ਬੇਅਦਬੀ ਕਰਨਾ ਨਹੀਂ ਹੈ? ਕਿਉਂ ਕਿ ਸਾਨੂੰ ਕੋਈ ਵੀ ਧਾਰਮਿਕ ਗ੍ਰੰਥ ਝੂਠ ਬੋਲਣ ਦੀ ਇਜਾਜ਼ਤ ਨਹੀਂ ਦਿੰਦਾ ਹੈ ।ਅਸਲ ਵਿੱਚ ਦੇਖਿਆ ਜਾਵੇ ਤਾਂ ਆਤਮਿਕ ਸ਼ਾਂਤੀ ਲਈ ਰੱਖੇ ਧਾਰਮਿਕ ਸਮਾਗਮਾਂ ਵਿੱਚ ਕੀਤੀ ਹੋਈ ਅਰਦਾਸ ਹੀ ਉਸ ਵਿਅਕਤੀ ਲਈ ਸ਼ਰਧਾਂਜਲੀ ਹੁੰਦੀ ਹੈ ਕਿਉਂਕਿ ਸਾਰੇ ਲੋਕ ਪਰਮਾਤਮਾ ਦਾ ਨਾਂ ਧਿਆਉਂਦੇ ਹੋਏ ਉਸ ਦੀ ਆਤਮਾ ਦੀ ਸ਼ਾਂਤੀ ਲਈ ਦੁਆ ਮੰਗ ਰਹੇ ਹੁੰਦੇ ਹਨ। ਇਸ ਤੋਂ ਉਲਟ ਮਰ ਚੁੱਕੇ ਸਰੀਰ ਦੀਆਂ ਝੂਠੀਆਂ ਸੱਚੀਆਂ ਵਡਿਆਈਆਂ ਕਰਕੇ ਜਿੱਥੇ ਆਪ ਪਾਪਾਂ ਦੇ ਭਾਗੀ ਬਣਦੇ ਹਨ ਓਥੇ ਉਹ ਧਾਰਮਿਕ ਗ੍ਰੰਥਾਂ ਵਿੱਚ ਦਿੱਤੀਆਂ ਗਈਆਂ ਸਿੱਖਿਆਵਾਂ ਦੇ ਵੀ ਉਲਟ ਚੱਲ

ਰਹੇ ਹੁੰਦੇ ਹਨ। ਇਸ ਤਰ੍ਹਾਂ ਅੱਜ ਕੱਲ੍ਹ ਸ਼ਰਧਾਂਜਲੀਆਂ, ਸ਼ਰਧਾਂਜਲੀਆਂ ਘੱਟ ਤੇ ਝੂਠ ਦੇ ਪੁਲੰਦੇ ਵੱਧ ਲੱਗਦੀਆਂ ਹਨ।






# RESIDENTIAL, COMMERCIAL AND SOLAR FARMS

**with Singhsloar High performance Bifacial Smart Panels**

## ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ

100% CUSTOMER SATISFACTION GUARANTEED

SINGH SOLAR



## ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ

**ਸਿਰਫ ਇਕ ਕਾਲ - ਵੱਡੀ ਬੱਚਤ**

# 510-706-1300

singhsolarusa@gmail.com


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS .
LAW OFFICES IN NY , NJ AND CALIFORNIA
SACRAMENTO, CA
5855 AUBURN BLVD,
SACRAMENTO, CA 95841
+1-917-915-4142
FREMONT, CA
3155 KEARNEY ST, SUITE
#248, FREMONT, CA 94538
+1-510-657-6444
NEW YORK, NY
108-14 JAMAICA AVENUE,
RICHMOND HILL, NY 11418
+1-718-533-8444
FRESNO, CA
1625 E SHAW AVE #122,
FRESNO, CA 93711
+1-559-271-5511
NEW JERSEY, NJ
2060 OAK TREE ROAD #1,
EDISON, NEW JERSEY, 08820
+1-732-453-6699
LOS ANGELES, CA
1013 N BEGONIA AVE,
ONTARIO, CA 91762
+1-917-915-4142
CONTACT
+1-917-915-4142
Jaspreetsinghlaoffice@gmail.com


ਰੋਜਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ।
Ria
Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਸਮਾਜਿਕ ਪਹੁੰਚ: ਸਕੂਲ ਦੇ ਗੇਟ ਤੋਂ ਪਰੇ

ਸਿੱਖਿਆ ਨੂੰ ਲੰਬੇ ਸਮੇਂ ਤੋਂ ਮਹਾਨ ਬਰਾਬਰ, ਮੌਕੇ ਅਤੇ ਬਿਹਤਰ ਜੀਵਨ ਲਈ ਇੱਕ ਗੇਟਵੇ ਵਜੋਂ ਸ਼ਲਾਘਾ ਕੀਤੀ ਜਾਂਦੀ ਹੈ। ਅਸੀਂ ਕਲਾਸਰੂਮ ਪਾਠਕ੍ਰਮ ਦੇ ਮਾਪਦੰਡ, ਟੈਸਟ ਸਕੋਰ ਅਤੇ ਅਧਿਆਪਕ ਯੋਗਤਾ ਦੇ ਅੰਦਰ ਕੀ ਹੁੰਦਾ ਹੈ ਇਸ 'ਤੇ ਜ਼ੋਰਦਾਰ ਧਿਆਨ ਦਿੰਦੇ ਹਾਂ। ਪਰ ਇੱਕ ਬੱਚੇ ਦੇ ਵਿਕਾਸ ਅਤੇ ਭਵਿੱਖ ਦੀ ਸਫਲਤਾ ਦਾ ਇੱਕ ਮਹੱਤਵਪੂਰਨ, ਅਕਸਰ ਨਜ਼ਰਅੰਦਾਜ਼ ਕੀਤਾ ਗਿਆ ਮਾਪ ਸਕੂਲ ਦੇ ਗੇਟ ਤੋਂ ਪਰੇ ਹੈ: ਸਮਾਜਿਕ ਪਹੁੰਚ। ਸਮਾਜਿਕ ਪਹੁੰਚ ਕੀ ਹੈ? ਸਮਾਜਿਕ ਪਹੁੰਚ ਦਾ ਮਤਲਬ ਹੈ ਵਿਦਿਆਰਥੀ ਦੀ ਸਮਾਜਿਕ, ਮਨੋਰੰਜਨ ਅਤੇ ਪਾਠਕ੍ਰਮ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੀ ਯੋਗਤਾ। ਇਹ ਰਿਸ਼ਤੇ ਬਣਾਉਣ, ਨਰਮ ਹੁਨਰ ਵਿਕਸਿਤ ਕਰਨ ਅਤੇ ਰੁਚੀਆਂ ਦੀ ਪੜਚੋਲ ਕਰਨ ਲਈ ਨੈੱਟਵਰਕ, ਸਰੋਤ ਅਤੇ ਮੌਕੇ ਹੋਣ ਬਾਰੇ ਹੈ। ਜਦੋਂ ਕਿ ਸਕੂਲ ਬੁਨਿਆਦੀ ਗਿਆਨ ਪ੍ਰਦਾਨ ਕਰਦੇ ਹਨ, ਸਮਾਜਿਕ ਪਹੁੰਚ ਉਹ ਸੰਦਰਭ ਪ੍ਰਦਾਨ ਕਰਦੀ ਹੈ ਜਿਸ ਵਿੱਚ ਉਸ ਗਿਆਨ ਨੂੰ ਲਾਗੂ ਅਤੇ ਵਿਸਤ੍ਰਿਤ ਕੀਤਾ ਜਾਂਦਾ ਹੈ। ਇਸ ਵਿੱਚ ਇੱਕ ਸਥਾਨਕ ਸਪੋਰਟਸ ਟੀਮ ਵਿੱਚ ਸ਼ਾਮਲ ਹੋਣ ਅਤੇ ਗਰਮੀਆਂ ਦੇ ਕੈਂਪਾਂ ਵਿੱਚ ਸ਼ਾਮਲ ਹੋਣ ਤੋਂ ਲੈ ਕੇ ਭਰੋਸੇਯੋਗ ਆਵਾਜਾਈ ਅਤੇ ਸੁਰੱਖਿਅਤ ਜਨਤਕ ਸਥਾਨਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਸਭ ਕੁਝ ਸ਼ਾਮਲ ਹੈ।

ਸਕੂਲ ਤੋਂ ਬਾਅਦ ਦੇ ਘੰਟਿਆਂ ਦਾ ਲੁਕਿਆ ਹੋਇਆ ਪਾਠਕ੍ਰਮ ਸਕੂਲੀ ਦਿਨ ਦੇ ਅੰਤ ਅਤੇ ਮਾਪਿਆਂ ਦੇ ਕੰਮ ਤੋਂ ਵਾਪਸ ਆਉਣ ਦੇ ਸਮੇਂ ਵਿਚਕਾਰ ਘੰਟੇ ਇੱਕ ਮਹੱਤਵਪੂਰਨ ਵਿੰਡੋ ਹਨ। ਕੁਝ ਵਿਦਿਆਰਥੀਆਂ ਲਈ, ਇਹ ਸਮਾਂ ਸੰਸ਼ੋਧਨ ਗਤੀਵਿਧੀਆਂ ਨਾਲ ਭਰਿਆ ਹੁੰਦਾ ਹੈ ਸੰਗੀਤ ਪਾਠ, ਖੇਡ ਅਭਿਆਸ, ਸਕਾਊਟਿੰਗ, ਜਾਂ ਕੋਡਿੰਗ ਕਲੱਬ। ਦੂਜਿਆਂ ਲਈ, ਇਸ ਵਿੱਚ ਗੈਰ-ਨਿਗਰਾਨੀ ਵਾਲਾ ਸਮਾਂ, ਛੋਟੇ ਭੈਣਾਂ-ਭਰਾਵਾਂ ਦੀ ਦੇਖਭਾਲ ਦੀਆਂ ਜ਼ਿੰਮੇਵਾਰੀਆਂ, ਜਾਂ ਵਿੱਤੀ ਜਾਂ ਭੂਗੋਲਿਕ ਰੁਕਾਵਟਾਂ ਕਾਰਨ ਵਿਕਲਪਾਂ ਦੀ ਘਾਟ ਸ਼ਾਮਲ ਹੋ ਸਕਦੀ ਹੈ। ਇਹ ਘੰਟੇ ਕਿਵੇਂ ਬਿਤਾਏ ਜਾਂਦੇ ਹਨ ਇਸ ਵਿੱਚ ਅਸਮਾਨਤਾ ਇੱਕ "ਲੁਕਿਆ ਹੋਇਆ ਪਾਠਕ੍ਰਮ" ਬਣਾਉਂਦੀ ਹੈ ਉੱਚ ਸਮਾਜਿਕ ਪਹੁੰਚ ਵਾਲੇ ਵਿਦਿਆਰਥੀ ਮਹੱਤਵਪੂਰਨ ਜੀਵਨ ਹੁਨਰ ਵਿਕਸਿਤ ਕਰਦੇ ਹਨ ਜੋ ਹਮੇਸ਼ਾ ਕਲਾਸਰੂਮ ਵਿੱਚ ਨਹੀਂ ਸਿਖਾਏ ਜਾਂਦੇ ਹਨ ਸਮਾਜਿਕ ਪੂੰਜੀ: ਆਪਣੇ ਨਜ਼ਦੀਕੀ ਪਰਿਵਾਰ ਤੋਂ ਬਾਹਰ ਸਾਥੀਆਂ ਅਤੇ ਬਾਲਗਾਂ ਨਾਲ ਨੈੱਟਵਰਕ ਬਣਾਉਣਾ, ਜੋ ਸਲਾਹ ਦੇ ਮੌਕੇ, ਇੰਟਰਨਸ਼ਿਪ ਅਤੇ ਭਵਿੱਖ ਦੀਆਂ ਨੌਕਰੀਆਂ ਵੱਲ ਲੈ ਜਾ ਸਕਦਾ ਹੈ। ਨਰਮ ਹੁਨਰ: ਸੰਗਠਿਤ ਗਤੀਵਿਧੀਆਂ ਰਾਹੀਂ ਟੀਮ ਵਰਕ, ਲੀਡਰਸ਼ਿਪ, ਗੱਲਬਾਤ ਅਤੇ ਸਮਾਂ ਪ੍ਰਬੰਧਨ ਸਿੱਖਣਾ। ਆਤਮ-ਵਿਸ਼ਵਾਸ ਅਤੇ ਪਛਾਣ: ਰੁਚੀਆਂ ਦੀ ਪੜਚੋਲ ਕਰਨਾ ਅਤੇ ਪ੍ਰਤਿਭਾਵਾਂ ਨੂੰ ਖੋਜਣਾ, ਜੋ ਸਵੈ-ਮਾਣ ਅਤੇ ਸਬੰਧਤ ਹੋਣ ਦੀ ਭਾਵਨਾ ਪੈਦਾ ਕਰਦਾ ਹੈ। ਜਦੋਂ ਅਸੀਂ ਸਮਾਜਿਕ ਪਹੁੰਚ ਨੂੰ ਨਜ਼ਰਅੰਦਾਜ਼ ਕਰਦੇ ਹਾਂ, ਤਾਂ ਅਸੀਂ ਅਣਜਾਣੇ ਵਿੱਚ ਪ੍ਰਾਪਤੀ ਦੇ ਪਾੜੇ ਨੂੰ ਵਧਾ ਦਿੰਦੇ ਹਾਂ। ਇੱਕ ਵਿਦਿਆਰਥੀ ਜੋ ਅਕਾਦਮਿਕ ਤੌਰ 'ਤੇ ਉੱਤਮ ਹੈ ਪਰ ਪੇਸ਼ੇਵਰ ਸੰਸਾਰ ਨੂੰ ਨੈਵੀਗੇਟ ਕਰਨ ਲਈ ਸਮਾਜਿਕ ਹੁਨਰਾਂ ਜਾਂ ਨੈਟਵਰਕਾਂ ਦੀ ਘਾਟ ਹੈ, ਉਹ ਆਪਣੇ ਆਪ ਨੂੰ ਘੱਟ ਗ੍ਰੇਡਾਂ ਵਾਲੇ ਪਰ ਵਧੇਰੇ ਸਮਾਜਿਕ ਪੂੰਜੀ ਵਾਲੇ ਸਾਥੀ ਦੇ ਮੁਕਾਬਲੇ ਨੁਕਸਾਨ ਵਿੱਚ ਪਾ ਸਕਦਾ ਹੈ। ਸਮਾਜਿਕ ਪਹੁੰਚ ਵਿੱਚ ਰੁਕਾਵਟਾਂ ਬਰਾਬਰ ਸਮਾਜਿਕ ਪਹੁੰਚ ਪ੍ਰਾਪਤ ਕਰਨਾ ਇੱਕ ਗੁੰਝਲਦਾਰ ਚੁਣੌਤੀ ਹੈ, ਕਿਉਂਕਿ ਕਈ ਆਪਸ ਵਿੱਚ ਜੁੜੀਆਂ ਰੁਕਾਵਟਾਂ ਅਕਸਰ ਰਸਤੇ ਵਿੱਚ ਆਉਂਦੀਆਂ ਹਨ।

ਸਿੱਖਿਆ ਨੂੰ ਲੰਬੇ ਸਮੇਂ ਤੋਂ ਮਹਾਨ ਬਰਾਬਰ, ਇੱਕ ਚਮਕਦਾਰ ਅਤੇ ਵਧੇਰੇ ਬਰਾਬਰੀ ਵਾਲੇ ਭਵਿੱਖ ਲਈ ਇੱਕ ਗੇਟਵੇ ਵਜੋਂ ਸ਼ਲਾਘਾ ਕੀਤੀ ਜਾਂਦੀ ਹੈ। ਅਸੀਂ ਅਤਿ-ਆਧੁਨਿਕ ਕਲਾਸਰੂਮਾਂ ਬਣਾਉਣ, ਪਾਠਕ੍ਰਮ ਨੂੰ ਅਪਡੇਟ ਕਰਨ ਅਤੇ ਅਧਿਆਪਕਾਂ ਨੂੰ ਸਿਖਲਾਈ ਦੇਣ ਲਈ ਸਰੋਤ ਪਾਉਂਦੇ ਹਾਂ। ਫਿਰ ਵੀ, ਬਹੁਤ ਸਾਰੇ ਵਿਦਿਆਰਥੀਆਂ ਲਈ, ਸਫਲਤਾ ਵਿੱਚ ਅਸਲ ਰੁਕਾਵਟ ਕਲਾਸਰੂਮ ਦੇ ਅੰਦਰ ਨਹੀਂ ਬੈਠਦੀ ਇਹ ਇਸਦੇ ਬਿਲਕੁਲ ਬਾਹਰ ਉਡੀਕ ਕਰਦੀ ਹੈ। ਸੱਚੀ ਵਿਦਿਅਕ ਸਮਾਨਤਾ ਲਈ ਸਮਾਜਿਕ ਪਹੁੰਚ, ਵਿਦਿਆਰਥੀਆਂ ਦੀ ਭਾਈਚਾਰੇ ਵਿੱਚ ਪੂਰੀ ਤਰ੍ਹਾਂ ਹਿੱਸਾ ਲੈਣ ਦੀ ਯੋਗਤਾ, ਸਰੋਤ ਅਤੇ ਸਕੂਲੀ ਗੇਟ ਤੋਂ ਪਰੇ ਮੌਜੂਦ ਮੌਕਿਆਂ ਨੂੰ ਵੇਖਣ ਦੀ ਲੋੜ ਹੁੰਦੀ ਹੈ। ਅਦਿੱਖ ਰੁਕਾਵਟਾਂ ਜਦੋਂ ਅਸੀਂ ਸਿੱਖਿਆ ਵਿੱਚ ਪਹੁੰਚ ਬਾਰੇ ਗੱਲ ਕਰਦੇ ਹਾਂ, ਤਾਂ ਅਸੀਂ ਅਕਸਰ ਅਕਾਦਮਿਕ ਸਰੋਤਾਂ 'ਤੇ ਡਿਫੌਲਟ ਹੁੰਦੇ ਹਾਂ: ਪਾਠ ਪੁਸਤਕਾਂ, ਤਕਨਾਲੋਜੀ ਅਤੇ ਯੋਗ ਇੰਸਟ੍ਰਕਟਰ। ਹਾਲਾਂਕਿ ਇਹ ਬਿਨਾਂ ਸ਼ੱਕ ਮਹੱਤਵਪੂਰਨ ਹਨ, ਉਹ ਸਮੀਕਰਨ ਦੇ ਸਿਰਫ ਅੱਧੇ ਨੂੰ ਦਰਸਾਉਂਦੇ ਹਨ। ਸਮਾਜਿਕ ਪਹੁੰਚ ਬਾਹਰੀ ਈਕੋਸਿਸਟਮ 'ਤੇ ਧਿਆਨ ਕੇਂਦਰਤ ਕਰਦੀ ਹੈ ਜੋ ਵਿਦਿਆਰਥੀ ਦੀ ਸਿੱਖਣ ਅਤੇ ਵਧਣ-ਫੁੱਲਣ ਦੀ ਯੋਗਤਾ ਦਾ ਸਮਰਥਨ ਕਰਦਾ ਹੈ। ਉਹਨਾਂ ਕਾਰਕਾਂ 'ਤੇ ਵਿਚਾਰ ਕਰੋ ਜੋ ਇੱਕ ਵਿਦਿਆਰਥੀ ਦੇ ਜੀਵਨ ਨੂੰ ਉਸ ਸਮੇਂ ਨਿਰਧਾਰਤ ਕਰਦੇ ਹਨ ਜਦੋਂ ਉਹ ਸਕੂਲ ਦੇ ਮੈਦਾਨ ਤੋਂ ਬਾਹਰ ਨਿਕਲਦਾ ਹੈ: ਸੁਰੱਖਿਅਤ ਅਤੇ ਭਰੋਸੇਮੰਦ ਆਵਾਜਾਈ: ਜੇਕਰ ਕਿਸੇ ਵਿਦਿਆਰਥੀ ਕੋਲ ਘਰ ਜਾਣ ਦਾ ਕੋਈ ਸੁਰੱਖਿਅਤ ਤਰੀਕਾ ਨਹੀਂ ਹੈ ਤਾਂ ਉਹ ਸਕੂਲ ਤੋਂ ਬਾਅਦ ਟਿਊਸ਼ਨ ਵਿੱਚ ਸ਼ਾਮਲ ਨਹੀਂ ਹੋ ਸਕਦਾ, ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕਦਾ ਜਾਂ ਇੰਟਰਨਸ਼ਿਪ ਨਹੀਂ ਕਰ ਸਕਦਾ। ਪੌਸ਼ਟਿਕ ਸੁਰੱਖਿਆ: ਸਿੱਖਣਾ ਦੁਪਹਿਰ 3:00 ਵਜੇ ਬੰਦ ਨਹੀਂ ਹੁੰਦਾ, ਪਰ ਬਹੁਤ ਸਾਰੇ ਲੋਕਾਂ ਲਈ ਸਿਹਤਮੰਦ ਭੋਜਨ ਤੱਕ ਭਰੋਸੇਯੋਗ ਪਹੁੰਚ ਹੁੰਦੀ ਹੈ। ਭੁੱਖ ਇਕਾਗਰਤਾ ਅਤੇ ਬੋਧਾਤਮਕ ਵਿਕਾਸ ਦਾ ਇੱਕ ਭਿਆਨਕ ਵਿਰੋਧੀ ਹੈ। ਡਿਜੀਟਲ ਕਨੈਕਟੀਵਿਟੀ: ਇੱਕ ਅਜਿਹੀ ਦੁਨੀਆਂ ਵਿੱਚ ਜਿੱਥੇ ਹੋਮਵਰਕ, ਖੋਜ ਅਤੇ ਸੰਚਾਰ ਆਨਲਾਈਨ ਹੋ ਗਿਆ ਹੈ, ਭਰੋਸੇਯੋਗ ਘਰੇਲੂ ਇੰਟਰਨੈਟ ਦੀ ਘਾਟ ਇੱਕ "ਘਰ ਦੇ ਕੰਮ ਦਾ ਪਾੜਾ" ਪੈਦਾ ਕਰਦੀ ਹੈ ਜੋ ਰੋਜ਼ਾਨਾ ਵਧਦੀ ਹੈ। ਕਮਿਊਨਿਟੀ ਮੈਂਟਰਸ਼ਿਪ: ਪੇਸ਼ੇਵਰ ਨੈੱਟਵਰਕਾਂ, ਸਥਾਨਕ ਨੇਤਾਵਾਂ ਅਤੇ ਪਰਿਵਾਰਕ ਯੂਨਿਟ ਤੋਂ ਬਾਹਰ ਸਕਾਰਾਤਮਕ ਰੋਲ ਮਾਡਲਾਂ ਤੱਕ ਪਹੁੰਚ ਇੱਕ ਵਿਦਿਆਰਥੀ ਦੇ ਵਿਸ਼ਵ ਦ੍ਰਿਸ਼ਟੀਕੋਣ ਅਤੇ ਅਭਿਲਾਸ਼ਾ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਜਦੋਂ ਇਹ ਤੱਤ ਗਾਇਬ ਹੁੰਦੇ ਹਨ, ਤਾਂ ਸਕੂਲ ਦਾ ਦਰਵਾਜ਼ਾ ਉਨ੍ਹਾਂ ਲੋਕਾਂ ਵਿਚਕਾਰ ਇੱਕ ਸਖ਼ਤ ਸੀਮਾ ਬਣ ਜਾਂਦਾ ਹੈ ਜੋ ਆਪਣੀ ਸਿੱਖਿਆ ਦਾ ਲਾਭ ਉਠਾ ਸਕਦੇ ਹਨ ਅਤੇ ਜਿਹੜੇ ਪਿੱਛੇ ਰਹਿ ਗਏ ਹਨ। ਗੈਪ ਨੂੰ ਪੂਰਾ ਕਰਨਾ: ਇੱਕ ਸੰਪੂਰਨ ਪਹੁੰਚ ਸਕੂਲ ਦੇ ਗੇਟ ਤੋਂ ਅੱਗੇ ਵਧਣ ਲਈ, ਸਾਨੂੰ ਆਪਣੇ ਦ੍ਰਿਸ਼ਟੀਕੋਣ ਨੂੰ ਪੂਰੀ ਤਰ੍ਹਾਂ ਅਕਾਦਮਿਕ ਮਾਡਲ ਤੋਂ ਇੱਕ ਸੰਪੂਰਨ, ਭਾਈਚਾਰਕ-ਅਧਾਰਿਤ ਪਹੁੰਚ ਵੱਲ ਬਦਲਣਾ ਚਾਹੀਦਾ ਹੈ। ਸਮਾਜਿਕ ਪਹੁੰਚ ਦੇ ਪਾੜੇ ਨੂੰ ਪੂਰਾ ਕਰਨ ਲਈ ਸਕੂਲਾਂ, ਸਥਾਨਕ ਸਰਕਾਰਾਂ, ਕਾਰੋਬਾਰਾਂ ਅਤੇ ਨਾਗਰਿਕ ਸੰਸਥਾਵਾਂ ਵਿਚਕਾਰ ਜਾਣਬੁੱਝ ਕੇ ਸਹਿਯੋਗ ਦੀ ਲੋੜ ਹੁੰਦੀ ਹੈ।

ਏਕੀਕ੍ਰਿਤ ਵਿਦਿਆਰਥੀ ਸਹਾਇਤਾ ਸਕੂਲ ਭਾਈਚਾਰਕ ਸਰੋਤਾਂ ਦੇ ਕੇਂਦਰ ਵਜੋਂ ਕੰਮ ਕਰਨ ਲਈ ਵਿਲੱਖਣ ਤੌਰ 'ਤੇ ਸਥਿਤ ਹਨ। ਇੱਕ "ਕਮਿਊਨਿਟੀ ਸਕੂਲ" ਮਾਡਲ ਨੂੰ ਅਪਣਾ ਕੇ, ਕੈਂਪਸ ਸਿਹਤ ਕਲੀਨਿਕਾਂ, ਭੋਜਨ ਪੈਂਟਰੀਆਂ ਅਤੇ ਪਰਿਵਾਰਕ ਕਾਨੂੰਨੀ ਸਹਾਇਤਾ ਦੀ ਮੇਜ਼ਬਾਨੀ ਕਰ ਸਕਦੇ ਹਨ। ਜਦੋਂ ਸੇਵਾਵਾਂ ਕੇਂਦਰੀਕ੍ਰਿਤ ਹੁੰਦੀਆਂ ਹਨ ਜਿੱਥੇ ਵਿਦਿਆਰਥੀ ਪਹਿਲਾਂ ਹੀ ਆਪਣਾ ਦਿਨ ਬਿਤਾਉਂਦੇ ਹਨ, ਤਾਂ ਉਹਨਾਂ ਤੱਕ ਪਹੁੰਚਣ ਵਿੱਚ ਰੁਕਾਵਟਾਂ ਘਟ ਜਾਂਦੀਆਂ ਹਨ।

"ਸਿੱਖਣ ਵਾਲੇ ਦਿਨ" ਦੀ ਪਰਿਭਾਸ਼ਾ ਨੂੰ ਵਧਾਉਣਾ ਸਿੱਖਣ ਨੂੰ ਘੰਟੀ ਵੱਜਣ ਤੱਕ ਸੀਮਤ ਨਹੀਂ ਕੀਤਾ ਜਾਣਾ ਚਾਹੀਦਾ। ਉੱਚ-ਗੁਣਵੱਤਾ ਵਾਲੇ ਸਕੂਲ ਤੋਂ ਬਾਅਦ ਦੇ ਪ੍ਰੋਗਰਾਮ, ਗਰਮੀਆਂ ਵਿੱਚ ਸੰਸ਼ੋਧਨ ਕੈਂਪ ਅਤੇ ਸਥਾਨਕ ਇੰਟਰਨਸ਼ਿਪ ਮੌਕੇ ਇਹ ਯਕੀਨੀ ਬਣਾਉਂਦੇ ਹਨ ਕਿ ਘੱਟ ਸਰੋਤ ਪਿਛੋਕੜ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਧੇਰੇ ਅਮੀਰ ਸਾਥੀਆਂ ਵਾਂਗ ਹੀ ਭਰਪੂਰ ਅਨੁਭਵਾਂ ਤੱਕ ਪਹੁੰਚ ਹੋਵੇ।

ਸਥਾਨਕ ਭਾਈਵਾਲੀ ਨੂੰ ਲਾਮਬੰਦ ਕਰਨਾ ਕਾਰੋਬਾਰ ਅਤੇ ਸਥਾਨਕ ਆਗੂ ਸਮਾਜਿਕ ਪੂੰਜੀ ਦੀਆਂ ਕੁੰਜੀਆਂ ਰੱਖਦੇ ਹਨ। ਸਲਾਹਕਾਰ ਪ੍ਰੋਗਰਾਮ ਜੋ ਵਿਦਿਆਰਥੀਆਂ ਨੂੰ ਸਥਾਨਕ ਪੇਸ਼ੇਵਰਾਂ ਨਾਲ ਜੋੜਦੇ ਹਨ, ਕਰੀਅਰ ਦੇ ਮਾਰਗਾਂ ਨੂੰ ਦੂਰ ਕਰ ਸਕਦੇ ਹਨ ਅਤੇ ਨੈੱਟਵਰਕ ਬਣਾ ਸਕਦੇ ਹਨ ਜੋ ਬਾਅਦ ਵਿੱਚ ਜੀਵਨ ਵਿੱਚ ਅਨਮੋਲ ਸਾਬਤ ਹੁੰਦੇ ਹਨ। ਇਸ ਤੋਂ ਇਲਾਵਾ, ਸਥਾਨਕ ਆਵਾਜਾਈ ਅਧਿਕਾਰੀ ਵਿਦਿਆਰਥੀਆਂ ਲਈ ਮੁਫਤ ਜਾਂ ਸਬਸਿਡੀਡ ਟ੍ਰਾਂਜ਼ਿਟ ਪਾਸ ਪ੍ਰਦਾਨ ਕਰਨ ਲਈ ਜ਼ਿਲ੍ਹਿਆਂ ਨਾਲ ਭਾਈਵਾਲੀ ਕਰ ਸਕਦੇ ਹਨ।

ਸਮਾਜਿਕ ਪਹੁੰਚ ਦਾ ਆਰਓਆਈ ਸਮਾਜਿਕ ਪਹੁੰਚ ਵਿੱਚ ਨਿਵੇਸ਼ ਕਰਨਾ ਦਾਨ ਦੀ ਗੱਲ ਨਹੀਂ ਹੈ; ਇਹ ਭਾਈਚਾਰੇ ਦੇ ਵਿਕਾਸ ਦੀ ਗੱਲ ਹੈ। ਜਦੋਂ ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਸਾਰੇ ਵਿਦਿਆਰਥੀਆਂ ਕੋਲ ਸਕੂਲ ਤੋਂ ਬਾਹਰ ਵਧਣ-ਫੁੱਲਣ ਲਈ ਸਾਧਨ ਹਨ, ਤਾਂ ਅਸੀਂ ਨਿਵੇਸ਼ 'ਤੇ ਸਿੱਧਾ ਵਾਪਸੀ ਦੇਖਦੇ ਹਾਂ ਸਿੱਟਾ ਸਿੱਖਿਆ ਅਕਾਦਮਿਕ ਤੱਥਾਂ ਦੇ ਸੰਚਾਰ 'ਤੇ ਨਹੀਂ ਰੁਕ ਸਕਦੀ। ਜੇਕਰ ਸਾਡਾ ਟੀਚਾ ਇੱਕ ਸੱਚਮੁੱਚ ਨਿਰਪੱਖ ਸਮਾਜ ਬਣਾਉਣਾ ਹੈ, ਤਾਂ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸਮਾਜਿਕ ਦਰਵਾਜ਼ੇ ਸਕੂਲ ਦੇ ਦਰਵਾਜ਼ਿਆਂ ਵਾਂਗ ਖੁੱਲ੍ਹੇ ਹੋਣ। ਜਾਣਬੁੱਝ ਕੇ ਸਮਾਜਿਕ ਪੂੰਜੀ ਦਾ ਨਿਰਮਾਣ ਕਰਕੇ ਅਤੇ ਪੇਸ਼ੇਵਰ ਸੰਸਾਰ ਦੇ ਅਣਲਿਖਤ ਨਿਯਮਾਂ ਨੂੰ ਸਿਖਾਉਣ ਦੁਆਰਾ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਹਰੇਕ ਵਿਦਿਆਰਥੀ ਕੋਲ ਨਾ ਸਿਰਫ਼ ਕਲਾਸਰੂਮ ਵਿੱਚ, ਸਗੋਂ ਜੀਵਨ ਵਿੱਚ ਵਧ-ਫੁੱਲਣ ਦਾ ਮੌਕਾ ਹੋਵੇ।




web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
ਅੱਜ ਹੀ ਕਾਲ ਕਰੋ :
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# ਗਹਿਣੇ

ਮਹਿੰਗਾ ਸਿੰਘ ਦੇ ਘਰ ਉਸ ਦੇ ਛੋਟੇ ਮੁੰਡੇ ਦੇ ਵਿਆਹ ਦੀ ਖੁਸ਼ੀ ਵਿੱਚ ਰੱਖੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪੈਣ ਪਿੱਛੋਂ ਕੁਝ ਲੋਕ ਰੋਟੀ ਖਾ ਰਹੇ ਸਨ ਅਤੇ ਕੁਝ ਰੋਟੀ ਖਾਣ ਪਿੱਛੋਂ ਮਹਿੰਗਾ ਸਿੰਘ ਨੂੰ ਵਿਆਹ ਦਾ ਸ਼ਗਨ ਫੜਾ ਰਹੇ ਸਨ। ਮਹਿੰਗਾ ਸਿੰਘ ਦੇ ਗੁਆਂਢੀ ਦੀ ਪਤਨੀ ਜੀਤੋ ਵੀ ਉਸ ਨੂੰ ਵਿਆਹ ਦਾ ਸ਼ਗਨ ਫੜਾ ਕੇ ਜਾਣ ਹੀ ਲੱਗੀ ਸੀ ਕਿ ਅਚਾਨਕ ਉਸ ਦੀ ਨਜ਼ਰ ਮਹਿੰਗਾ ਸਿੰਘ ਦੀ ਵੱਡੀ ਲੜਕੀ ਕੁਲਵਿੰਦਰ ਤੇ ਪੈ ਗਈ, ਜਿਸ ਦਾ ਤਿੰਨ ਸਾਲ ਪਹਿਲਾਂ ਵਿਆਹ ਹੋਇਆ ਸੀ। ਕੁਲਵਿੰਦਰ ਨੂੰ ਮੁਖਾਤਿਬ ਹੋ ਕੇ ਉਹ ਬੋਲੀ, " ਨੀ ਕੁਲਵਿੰਦਰੇ,

ਤੂੰ ਆਹ ਕੀਤਾ ਹੋਇਐ? ਤੂੰ ਸਾਰੇ ਗਹਿਣੇ ਆਰਟੀਫਿਸ਼ੀਅਲ ਪਾਏ ਹੋਏ ਆ। ਮੈਨੂੰ ਹਾਲੇ ਵੀ ਯਾਦ ਆ, ਤੇਰੇ ਘਰਦਿਆਂ ਨੇ ਤਾਂ ਤੈਨੂੰ ਤੇਰੇ ਵਿਆਹ 'ਚ ਰੱਜ ਕੇ ਸੋਨੇ ਦੇ ਗਹਿਣੇ ਪਾਏ ਸਨ।"

ਕੁਲਵਿੰਦਰ ਨੇ ਆਪਣੇ ਆਪ ਨੂੰ ਸੰਭਾਲਦਿਆਂ ਆਖਿਆ," ਚਾਚੀ ਸ਼ਾਇਦ ਤੈਨੂੰ ਪਤਾ ਨ੍ਹੀ, ਮੇਰੇ ਘਰ ਵਾਲੇ ਨੂੰ ਛੇ ਮਹੀਨੇ ਪਹਿਲਾਂ ਇਕ ਖਤਰਨਾਕ ਬੀਮਾਰੀ ਲੱਗ ਗਈ ਸੀ। ਉਸ ਬੀਮਾਰੀ ਦਾ ਇਲਾਜ ਕਰਵਾਉਣ ਲਈ ਮੈਂ ਆਪਣੇ ਘਰਦਿਆਂ ਤੋਂ ਸੱਠ ਹਜ਼ਾਰ ਰੁਪਏ ਫੜੇ ਸਨ ਅਤੇ ਮੈਨੂੰ ਆਪਣੇ ਸੋਨੇ ਦੇ ਸਾਰੇ ਗਹਿਣੇ ਵੇਚਣੇ ਪਏ ਸਨ। ਮੇਰੇ ਘਰ ਵਾਲੇ ਦਾ ਉਸ ਖਤਰਨਾਕ ਬੀਮਾਰੀ ਤੋਂ ਬਚਾ ਹੋ ਗਿਆ, ਮੇਰੇ ਲਈ ਇਹੋ ਬਹੁਤ ਆ। ਗਹਿਣਿਆਂ ਦਾ ਕੀ ਆ, ਕੰਮ ਕਰਕੇ ਹੋਰ ਬਣ ਜਾਣਗੇ।"

ਕੁਲਵਿੰਦਰ ਦੀਆਂ ਇਹ ਗੱਲਾਂ ਸੁਣ ਕੇ ਜੀਤੋ ਨੂੰ ਕੋਈ ਗੱਲ ਨਾ ਆਈ ਅਤੇ ਉਹ ਚੁੱਪ ਕਰਕੇ ਆਪਣੇ ਘਰ ਨੂੰ ਤੁਰ ਪਈ।



ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

# ਆਖਰੀ ਇੱਛਾ

ਦਸੰਬਰ ਦਾ ਮਹੀਨਾ ਸੀ। ਠੰਢ ਤੇ ਧੁੰਦ ਦਾ ਜ਼ੋਰ ਸੀ। ਬਲਵਿੰਦਰ ਦਾ ਡੈਡੀ ਕੁੱਝ ਦਿਨ ਬੀਮਾਰ ਰਹਿਣ ਪਿੱਛੋਂ ਅੱਜ ਆਪਣੀ ਸੰਸਾਰਕ ਯਾਤਰਾ ਪੂਰੀ ਕਰ ਗਿਆ ਸੀ। ਬਲਵਿੰਦਰ ਨੇ ਆਪਣੇ ਡੈਡੀ ਦੇ ਸਸਕਾਰ ਤੇ ਸਾਰੇ ਰਿਸ਼ਤੇਦਾਰਾਂ ਨੂੰ ਟੈਲੀਫੋਨ ਕਰਕੇ ਸੱਦ ਲਿਆ ਸੀ। ਬਲਵਿੰਦਰ ਤੇ ਦੋ ਹੋਰ ਜਣੇ ਸਸਕਾਰ ਤੋਂ ਪਹਿਲਾਂ ਉਸ ਨੂੰ ਨਹਾਉਣ ਦਾ ਪ੍ਰਬੰਧ ਕਰਨ ਲੱਗੇ। ਬਲਵਿੰਦਰ ਨੇ ਆਪਣੇ ਡੈਡੀ ਦੇ ਸਾਰੇ ਕਪੜੇ ਹੌਲੀ, ਹੌਲੀ ਉਤਾਰੇ। ਉਸ ਦੇ ਡੈਡੀ ਦੀ ਕਮੀਜ਼ ਦੀ ਜੇਬ ਵਿਚੋਂ ਇਕ ਪਰਚੀ ਨਿਕਲ ਕੇ ਥੱਲੇ ਡਿੱਗ ਪਈ। ਜਦੋਂ ਉਸ ਨੇ ਪਰਚੀ ਨੂੰ ਖੋਲ੍ਹ ਕੇ ਦੇਖਿਆ, ਉਸ ਵਿੱਚ ਲਿਖਿਆ ਹੋਇਆ ਸੀ: ਬਲਵਿੰਦਰ, ਮੇਰੇ ਸਸਕਾਰ ਕਰਨ ਤੋਂ ਬਾਅਦ ਜਦ ਤੂੰ ਬਾਕੀਆਂ ਨਾਲ ਦੂਜੇ ਦਿਨ ਮੇਰੇ ਅਸਤ ਚੁਗਣ ਜਾਣਾ, ਤਾਂ ਮੇਰੇ ਅਸਤ ਚੁਗ ਕੇ ਤੇ ਰਾਖ਼ ਇਕੱਠੀ ਕਰਕੇ ਇਨ੍ਹਾਂ ਨੂੰ ਜਲ ਪ੍ਰਵਾਹ ਕਰਨ ਲਈ ਕੀਰਤ ਪੁਰ ਸਾਹਿਬ ਜਾਂ ਕਿਸੇ ਹੋਰ ਥਾਂ ਨਾ ਜਾਈਂ ਸਗੋਂ ਆਪਣੇ ਖੇਤ ਵਿੱਚ ਜਾ ਕੇ ਅਸਤ ਡੂੰਘਾ ਟੋਆ ਪੁੱਟ ਕੇ ਦੱਬ ਦੇਈਂ ਤੇ ਰਾਖ਼ ਨੂੰ ਸਾਰੇ ਖੇਤ ਵਿੱਚ ਖਲਾਰ ਦੇਈਂ ਤਾਂ ਜੋ ਕਿਸੇ ਨਹਿਰ ਦਾ ਪਾਣੀ ਹੋਰ ਪ੍ਰਦੂਸ਼ਿਤ ਹੋਣ ਤੋਂ ਬਚ ਸਕੇ। ਨਹਿਰਾਂ ਦੇ ਪਾਣੀ ਤਾਂ ਪਹਿਲਾਂ ਹੀ ਲੋਕਾਂ ਨੇ ਕੂੜਾ-ਕਰਕਟ ਤੇ ਲਿਫਾਫੇ ਸੁੱਟ ਕੇ ਪ੍ਰਦੂਸ਼ਿਤ ਕੀਤੇ ਹੋਏ ਆ। ਇਹ ਮੇਰੀ ਆਖ਼ਰੀ ਇੱਛਾ ਹੈ। ਇਸ ਨੂੰ ਹਰ ਹੀਲੇ ਪੂਰਾ ਕਰੀਂ। ਇਹ ਸਭ ਕੁੱਝ ਪੜ੍ਹ ਕੇ ਬਲਵਿੰਦਰ ਦੀਆਂ ਅੱਖਾਂ ਭਰ ਆਈਆਂ ਤੇ ਕਹਿਣ ਲੱਗਾ," ਡੈਡੀ ਜੀ, ਤੁਹਾਡੀ ਵਧੀਆ ਸੋਚ ਨੂੰ ਮੇਰਾ ਸਲਾਮ ਆਂ। ਮੈਂ ਤੁਹਾਡੀ ਆਖ਼ਰੀ ਇੱਛਾ ਜ਼ਰੂਰ ਪੂਰੀ ਕਰਾਂਗਾ।"




WE HAVE THE CHEAPEST FARES TO INDIA
LEGEND TRAVEL
arc
accredited agency
CST # 207524-40
Special Fares To India From West-coast (us) On Air India Direct Flights
AIR INDIA
JATINDER SINGH
LOWEST AIRFARES FROM USA TO INDIA
★Travel Insurance ★ Great last Minute Deals ★ Offices in India
ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।
CALL US
(510) 797-9010
USA OFFICE: 2450 PERALTA BLVD., STE 106-108,
FREMONT CA 94536 PH.: 510-797-9010
Website: www.legendamerica.net
Emirates
CATHAY PACIFIC
ASIANA AIRLINES
JET AIRWAYS
CHINA AIRLINES
BRITISH AIRWAYS
SINGAPORE AIRLINES
Lufthansa
ANA


JK TYRE INC
JKTYRE
TOTAL CONTROL
KTD10-LEAO
Radial Truck Tire (Long Haul)
295/75R22.5
$2600
With Installation
Singh: 510-766-9382
JK JETSTEEL JDH
SPECIAL OFFER !!
DRIVE TIRE
11R22.5-
With Installation
Singh: 510-766-9382
Firestone FS591
SPECIAL OFFER !!
STEER TIRE
295/75R22.5
With Installation
Singh: 510-766-9382
11R22.5
With Installation
Singh: 510-766-9382
Sizes available in drive & trailer
295/75/22.5
11r/22.5
11r/24.5
255/70/22.5
315/80/22.5
425/65/22.5
JETWAY JTH 1
SPECIAL OFFER !!
TRAILER TIRE
11R22.5-
11R24.5-
With Installation
Singh: 510-766-9382
JETWAY JTH SD
SPECIAL OFFER !!
TRAILER TIRE
295/75R22.5-
With Installation
Singh: 510-766-9382
JK JETSTEEL JDL2
SPECIAL OFFER !!
DRIVE TIRE
11R22.5-
11R24.5-
295/75R22.5-
With Installation
Singh: 510-766-9382
FALKEN TIRES
GOODYEAR
KELLY TIRES
BARKLEY
Feel the difference
PIRELLI
MICHELIN
A better way forward
BRIDGESTONE
Firestone
YOKOHAMA
PEARLY
NAMA
TOYO TIRES
driven to perform
Continental
DUNLOP TIRES
S. Singh Cell: (510) 766-9382
2955 N. Wilson Way Stockton , CA 95205

# TAKE CONTROL OF YOUR HEALTH!

## PRIVATE, AFFORDABLE, & CONVENIENT

## 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336


SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


ATWAL
IMMIGRATION SERVICES
ATWAL
TAX & IMMIGRATION
SERVICES
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED

# CAPITAL SERVICES

**INSURANCE** | **VEHICLE REG.** | **IMMIGRATION** | **NOTARY PUBLIC** | **LIVE SCAN**

**ਸੈਕਰਾਮੈਂਟੋ, ਕੈਲੀਫੋਰਨੀਆ**

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

**6624 FLORIN ROAD, SACRAMENTO CA, 95828**
**FAX: 916)258-0441, Cell: (916)308-7997**
Email: sacramento99@yahoo.com Website: www.capitalservices.us



Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**



**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE
IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

**WE CAN HELP YOU WORK AND SETTLE IN COUNTRIES WORLDWIDE ALSO**

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।

ਕਾਲ ਕਰ ਸਕਦੇ ਹੋ 408-687-1899

ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.

To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.


## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**






**GURDIP S SANDHU**

**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**

# SANJHI SOCH TV & DAILY NEWSPAPER




## TO EXPAND YOUR BUSINESS IN INDIAN COMMUNITY

Through Newspaper & T.V, Advertise with us just as low as **$100 PER MONTH.**

**Call +1 (209) 303-1260**

ਆਪਣੇ ਕਾਰੋਬਾਰ ਨੂੰ ਭਾਰਤੀ ਭਾਈਚਾਰੇ ਵਿੱਚ ਅਖ਼ਬਾਰ ਅਤੇ ਟੀਵੀ ਰਾਹੀ ਵਧਾਉਣ ਲਈ ਸਾਨੂੰ ਇਸ਼ਤਿਹਾਰ ਦਿਉ

ਇਸ਼ਤਿਹਾਰ ਲਾਉਣ ਦੀ ਕੀਮਤ ਸਿਰਫ਼ $100 ਤੋਂ ਸ਼ੁਰੂ ਹੁੰਦੀ ਹੈ

www.sanjhisoch.com | Sanjhi Soch TV NRI

# ਟੀ.ਵੀ. ਪੱਤਰਕਾਰਾਂ ਦੀ ਜ਼ਰੂਰਤ

ਸਾਂਝੀ ਸੋਚ ਟੀ.ਵੀ. ਲਈ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਚੰਡੀਗੜ੍ਹ ਤੋਂ ਤਜ਼ੁਰਬੇਕਾਰ ਪੱਤਰਕਾਰਾਂ ਦੀ ਜ਼ਰੂਰਤ ਹੈ। ਤਨਖ਼ਾਹ ਯੋਗਤਾ ਅਨੁਸਾਰ।

ਸੰਪਰਕ: +1 (209) 303-1260